# ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ.-1 ਸਮੈਸਟਰ ਦੂਜਾ

ਪੇਪਰ : **XI** ਅਤੇ **XII** (ਟੀਚਿੰਗ ਆਫ ਸੋਸ਼ਲ ਸਟੱਡੀਜ਼) ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ. **Last updated in January, 2026**


**2.1** : ਚਾਲੂ ਮਾਮਲੇ ਅਰਥ, ਚੋਣ, ਮਹੱਤਤਾ, ਚੋਣ ਕਰਨ ਦੇ ਨਿਯਮ

**2.2** : ਸਮਾਜਿਕ ਸਿਖਿਆ 'ਚ ਮੁਲਾਂਕਣ

**2.3** : ਅਰਥ, ਮਹੱਤਵ, ਉਦੇਸ਼ ਅਤੇ ਸਿਧਾਂਤ ਪਾਠ ਯੋਜਨਾ ਦੇ ਨਮੂਨੇ

**2.4** : ਸਮਾਜਿਕ ਅਧਿਐਨ ਅਧਿਆਪਨ ਜੁਗਤਾਂ



***website : www.pbidde.org***

# ਚਾਲੂ ਮਾਮਲੇ **(Current Affairs)**
## ਅਰਥ, ਮਹੱਤਤਾ, ਚੋਣ ਕਰਨ ਦੇ ਨਿਯਮ

ਪਾਠ ਨੰਬਰ : 2.1

ਲੇਖਿਕਾ : ਪਰਮਜੀਤ ਕੌਰ ਸੰਧੂ

2.1.1 ਉਦੇਸ਼
2.1.2 ਭੂਮਿਕਾ ਅਤੇ ਅਰਥ
2.1.3 ਚਾਲੂ ਮਾਮਲਿਆਂ ਦੀ ਲੋੜ ਅਤੇ ਮਹੱਤਤਾ (Importance of Current affairs)
2.1.4 ਚਾਲੂ ਮਾਮਲਿਆਂ ਨੂੰ ਇਕੱਠਾ ਕਰਨ ਦੇ ਨਿਯਮ
2.1.5 ਚਾਲੂ ਮਾਮਲਿਆਂ ਦੇ ਅਧਿਐਨ ਸੰਬੰਧੀ ਤਕਨੀਕਾਂ (Techniques of Studying Current Affairs in Social Studies)
2.1.6 ਸਕੂਲਾਂ ਵਿਚ ਚਾਲੂ ਮਾਮਲਿਆਂ ਦਾ ਪ੍ਰਯੋਗ (Use of Current Affairs in School)
2.1.7 ਸਾਰ
2.1.8 ਮੁੱਖ ਨੁਕਤੇ
2.1.9 ਸਵੈ ਜਾਂਚ ਅਭਿਆਸ
2.1.10 ਸੁਝਾਏ ਪ੍ਰਸ਼ਨ
2.1.11 ਸੁਝਾਈਆਂ ਪੁਸਤਕਾਂ

**2.1.1 ਉਦੇਸ਼:** ਪਾਠ ਪੜ੍ਹਨ ਤੋ ਬਾਅਦ ਵਿਦਿਆਰਥੀ ਯੋਗ ਹੋ ਜਾਣਗੇ:

1. ਚਾਲੂ ਮਾਮਲਿਆਂ ਦੀ ਵਰਤੋ ਤੋ ਜਾਣੂ ਹੋ ਜਾਣਗੇ।
2. ਚਾਲੂ ਮਾਮਲਿਆਂ ਦੀ ਲੋੜ ਅਤੇ ਮਹੱਤਤਾ ਜਾਣ ਲੈਣਗੇ।
3. ਚਾਲੂ ਮਾਮਲਿਆਂ ਦੀ ਚੋਣ ਕਰਨ ਲਈ ਮਾਪਦੰਡਾਂ ਦਾ ਵਿਸਲੇਸ਼ਣ ਕਰਨਾ ਸਿਖ ਲੈਣਗੇ।

### 2.1.2 ਭੂਮਿਕਾ ਅਤੇ ਅਰਥ :

ਸਾਮਾਜਿਕ ਅਧਿਐਨ ਵਿਚ "ਚਾਲੂ ਮਾਮਲਿਆਂ" ਦੀ ਬੜੀ ਮਹੱਤਤਾ ਹੈ ਅਤੇ ਇਨ੍ਹਾਂ ਦੀ ਆਧੁਨਿਕ ਯੁੱਗ ਵਿੱਚ ਜ਼ਰੂਰਤ ਹੈ। ਚਾਲੂ ਮਾਮਲਿਆਂ ਵਿਚ ਪਿਛੇ ਜਿਹੇ ਵਾਪਰੀਆਂ ਤਾਜ਼ਾ ਘਟਨਾਵਾਂ ਅਤੇ ਤਾਜ਼ਾ ਸਮੱਸਿਆਵਾਂ ਦੋਵੇਂ ਹੀ ਸ਼ਾਮਲ ਹਨ। ਅਸਲ ਵਿਚ ਚਾਲੂ ਮਾਮਲੇ ਉਹ ਹੁੰਦੇ ਹਨ ਜਿਹੜੇ ਵਰਤਮਾਨ ਸਮੇਂ ਵਿਚ ਵਿਚਾਰ ਅਧੀਨ ਹੁੰਦੇ ਹਨ। ਜਿਨ੍ਹਾਂ ਦਾ ਹਲ ਹੋ ਸਕਦਾ ਹੈ ਅਤੇ ਇਹ ਵੀ ਹੋ ਸਕਦਾ ਹੈ ਕਿ ਉਹ ਉਲਝੀਆਂ ਹੀ ਰਹਿਣ, ਜਿਵੇਂ ਕਿ ਕਸ਼ਮੀਰ ਦੀ ਸਮੱਸਿਆ, ਖਾੜੀ ਸੰਕਟ ਆਦਿਕ।

ਆਰ. ਐਸ. ਕਿੰਬਲ ਅਨੁਸਾਰ, ਇਹ ਇਕ ਅਜਿਹਾ ਖੇਤਰ ਹੈ, ਜਿਹੜਾ ਉਨ੍ਹਾਂ ਸਭ ਘਟਨਾਵਾਂ ਨਾਲ ਸੰਬੰਧਿਤ ਹੈ, ਜਿਹੜੀਆਂ ਰਾਸ਼ਟਰੀ, ਅੰਤਰਰਾਸ਼ਟਰੀ, ਸਮਾਜਿਕ, ਰਾਜਸੀ ਅਤੇ ਆਰਥਿਕ ਸੀਮਾਵਾਂ ਵਿਚੋਂ ਲੰਘ ਕੇ ਵਾਫਾਦਾਰੀ ਅਤੇ ਸੇਵਾ ਵਾਲੀ ਨਾਗਰਿਕਤਾ ਲਈ ਆਧਾਰ ਬਣ ਕੇ ਵਿਖਾਉਂਦੀਆਂ ਹਨ। R.S. Kimball, "It is a field, which is concerned with all those happenings, both domestic and

international, social, political or economic knowledge and understanding of which is necessary as a basis for citizenship of loyalty and service." ਚਾਲੂ ਘਟਨਾਵਾਂ ਦਾ ਅਧਿਐਨ ਬੀਤੇ ਕਾਲ ਦੀਆਂ ਘਟਨਾਵਾਂ ਵਿਚ ਕੜੀ ਦਾ ਕੰਮ ਹੀ ਨਹੀਂ ਕਰਦੀਆਂ ਸਗੋਂ ਇਸ ਨਾਲ ਵਿਸ਼ੇਸ਼ ਘਟਨਾਵਾਂ ਦਾ ਵਿਸ਼ਾਲ ਵਰਤਮਾਨ ਨਾਲ ਜੋ ਸੰਬੰਧ ਹੁੰਦਾ ਹੈ ਉਸ ਦਾ ਵੀ ਗਿਆਨ ਪ੍ਰਾਪਤ ਹੁੰਦਾ ਹੈ।

ਸੰਸਾਰ ਵਿਚ ਜੋ ਕੁਝ ਪਿਛੇ ਜਿਹੇ ਵਾਪਰਿਆ ਹੈ ਉਸ ਨੂੰ ਚਾਲੂ ਮਾਮਲਿਆਂ ਦਾ ਨਾਂ ਦਿੱਤਾ ਜਾਂਦਾ ਹੈ। ਚਾਲੂ ਮਾਮਲੇ ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਭੂਗੋਲਿਕ ਹੋ ਸਕਦੇ ਹਨ ਜਿਵੇਂ ਕਿ ਰੂਸ ਵਿਚ ਮਾਰਕਸਵਾਦ ਦਾ ਅੰਤ ਉਤਰਾਂਚਲ ਅਤੇ ਛੱਤੀਸਗੜ੍ਹ ਨਵੇਂ ਰਾਜ ਬਣਨਾ, ਆਦਿਕ ਸਭ ਚਾਲੂ ਮਾਮਲੇ (Current affairs) ਹਨ।

## 2.1.3 ਚਾਲੂ ਮਾਮਲਿਆਂ ਦੀ ਮਹੱਤਤਾ (Importance of Current affairs)

ਸਮਾਜਿਕ ਅਧਿਐਨ ਦਾ ਵਿਸ਼ਾ ਇਕ ਅਜਿਹਾ ਵਿਸ਼ਾ ਹੈ ਜਿਸ ਦਾ ਸੰਬੰਧ ਰਾਜਨੀਤਿਕ, ਸਮਾਜਿਕ, ਆਰਥਿਕ, ਭੂਗੋਲਿਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਘਟਨਾਵਾਂ ਨਾਲ ਹੁੰਦਾ ਹੈ। ਇਸ ਵਿਸ਼ਾਲ ਖੇਤਰ ਵਾਲੇ ਵਿਸ਼ੇ ਦਾ ਸੰਬੰਧ ਸਾਡੀ ਅਸਲ ਜ਼ਿੰਦਗੀ ਨਾਲ ਹੁੰਦਾ ਹੈ। ਸਿਖਿਆ ਦਾ ਆਮ ਉਦੇਸ਼ ਹੈ ਕਿ ਵਿਅਕਤੀ ਨੂੰ ਆਪਣੀ ਸਫਲ ਜ਼ਿੰਦਗੀ ਜਿਉਣ ਲਈ ਤਿਆਰ ਕਰਨਾ ਭਾਵ ਕਿ ਉਹ ਆਪਣੇ ਆਲੇ ਦੁਆਲੇ ਨੂੰ ਸਮਝ ਸਕੇ । ਉਹ ਆਪਣੇ ਸਮਾਜਿਕ, ਆਰਥਿਕ, ਰਾਜਨੀਤਿਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਾਮਲੇ ਪੂਰੀ ਸੂਝ ਨਾਲ ਸਮਝ ਸਕੇ ਤੇ ਉਨ੍ਹਾਂ ਦਾ ਸੰਭਵ ਹਲ ਲੱਭ ਸਕਣ ਦੀ ਕੋਸ਼ਿਸ਼ ਕਰੇ। ਇਸ ਮੰਤਵ ਦੀ ਪੂਰਤੀ ਲਈ ਹੀ ਸਕੂਲਾਂ ਵਿਚ ਚਾਲੂ ਮਾਮਲਿਆਂ ਬਾਰੇ ਜਾਣਕਾਰੀ ਜ਼ਰੂਰੀ ਹੈ। ਅੱਜ ਦੇ ਯੁੱਗ ਵਿਚ ਛੋਟੇ ਬੱਚਿਆਂ ਦੇ ਮਨ ਵਿਚ ਵੀ ਆਪਣੇ ਆਲੇ ਦੁਆਲੇ ਨੂੰ ਜਾਨਣ ਦੀ ਇੱਛਾ ਹੁੰਦੀ ਹੈ। ਜੇਕਰ ਵਿਦਿਆਰਥੀਆਂ ਨੂੰ ਸਕੂਲਾਂ ਵਿਚ ਇਨ੍ਹਾਂ ਤੋਂ ਜਾਣੂ ਨਾ ਕਰਵਾਇਆ ਜਾਵੇ ਤਾਂ ਉਹ ਬਾਹਰ ਗਲਤ ਅਗਵਾਈ ਰਾਹੀਂ ਇਨ੍ਹਾਂ ਤੋਂ ਜਾਣੂ ਹੋਣ ਦਾ ਯਤਨ ਕਰਦੇ ਹਨ ਕੋਈ ਵੀ ਦੇਸ਼ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਤੋਂ ਮੁਕਤ ਨਹੀਂ ਹੈ। ਦੇਸ਼ ਦੇ ਹਰ ਵਿਅਕਤੀ ਦਾ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਪੂਰਾ ਪੂਰਾ ਯਤਨ ਕਰੇ। ਬੱਚਿਆਂ ਨੂੰ ਵੀ ਇਹ ਫਰਜ਼ ਨਿਭਾਉਣ ਦੀ ਸਿਖਲਾਈ ਪ੍ਰਾਪਤ ਹੋਣੀ ਚਾਹੀਦੀ ਅਤੇ ਇਸ ਸਿਖਲਾਈ ਨੂੰ ਪ੍ਰਾਪਤ ਕਰਨ ਲਈ ਦੇਸ਼ ਦੇ ਚਾਲੂ ਮਾਮਲਿਆਂ ਤੋਂ ਜਾਣੂ ਹੋਣਾ ਜ਼ਰੂਰੀ ਹੋ ਜਾਂਦਾ ਹੈ। ਇਸ ਲਈ ਚਾਲੂ ਮਾਮਲਿਆਂ ਦੇ ਅਧਿਐਨ ਦੀ ਮਹੱਤਤਾ ਬਿਆਨ ਕੀਤੀ ਜਾਂਦੀ ਹੈ :

1. **ਸਮਾਜਿਕ ਸੂਝ ਵਿਕਸਿਤ ਕਰਨਾ (To Develop Social Consciousness) :** ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਉਹ ਜਿਸ ਸਮਾਜ ਵਿਚ ਰਹਿੰਦਾ ਹੈ ਉਸ ਨੂੰ ਉਸ ਸਮਾਜ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਅੱਜ ਦਾ ਸਮਾਜ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ। ਇਸ ਬਦਲਦੇ ਸਮਾਜ ਨਾਲ ਨਿਪਟਣ ਲਈ ਵਿਦਿਆਰਥੀਆਂ ਨੂੰ ਚਾਲੂ ਮਾਮਲਿਆਂ ਤੋਂ ਜਾਣੂ ਹੋਣਾ ਜ਼ਰੂਰੀ ਹੈ। ਸਾਡੇ ਸਮਾਜ ਨਾਲ ਵਿਚ ਜਿਹੜੀਆਂ ਬੁਰਾਈਆਂ (Social evils) ਹਨ ਉਨ੍ਹਾਂ ਨੂੰ ਖਤਮ ਕਰਨ ਲਈ ਚਾਲੂ ਮਾਮਲਿਆਂ ਦਾ ਗਿਆਨ ਹੋਣਾ ਜ਼ਰੂਰੀ ਹੈ। ਚਾਲੂ ਮਾਮਲਿਆਂ ਦੇ ਗਿਆਨ ਰਾਹੀਂ ਬੱਚੇ ਅੰਦਰ ਸਮਾਜਿਕ ਸੂਝ ਪੈਦਾ ਕੀਤੀ ਜਾ ਸਕਦੀ ਹੈ। ਉਦਾਹਰਣ ਦੇ ਤੌਰ ਤੇ, ਰਾਜਸਥਾਨ ਵਿਚ ਇਕ ਔਰਤ ਦਾ ਸਤੀ ਹੋਣ, ਤਿੰਨ ਭੈਣ ਦਾ ਫਾਹਾ ਲੈ ਕੇ ਮਰਨਾ, ਅਤੇ ਕੇਤੀਆ ਕਾਂਡ ਔਰਤ ਦਾ ਕੁਖ ਕਿਰਾਏ ਤੇ ਦੇਣਾ ਤੇ ਔਰਤ ਦੇ ਗਹਿਣੇ ਪਾਉਣਾ ਸਮਾਜਿਕ ਘਟਨਾਵਾਂ ਸਨ ਜਿਨ੍ਹਾਂ ਨੂੰ ਲੈ ਕੇ ਵਿਦਿਆਰਥੀਆਂ ਨੂੰ ਬਹੁਤ ਕੁਝ ਸਿਖਾਇਆ ਜਾ ਸਕਦਾ ਹੈ। ਵਿਦਿਆਰਥੀਆਂ ਨੂੰ ਚੰਗੇ ਸਮਾਜ ਦੀ ਸਿਰਜਣਾ ਵੱਲ ਲਗਾਇਆ ਜਾ ਸਕਦਾ ਹੈ।
2. **ਆਲੋਚਨਾਤਮਿਕ ਸੂਝ ਵਿਕਸਿਤ ਕਰਨਾ (To Develop Critical Insight and Formation of Critical Attitude)** : ਵਿਦਿਆਰਥੀ ਚਾਲੂ ਮਾਮਲਿਆਂ ਦੇ ਅਧਿਐਨ ਰਾਹੀਂ ਰੋਜ਼ਾਨਾ ਜੀਵਨ ਦੀਆਂ ਅਸਲ ਸਮੱਸਿਆਵਾਂ ਬਾਰੇ ਆਲੋਚਨਾਤਮਿਕ ਸੂਝ ਪ੍ਰਾਪਤ ਕਰਦੇ ਹਨ ਅਤੇ ਇਨ੍ਹਾਂ ਪ੍ਰਤੀ ਉਨ੍ਹਾਂ ਦਾ ਵਿਹਾਰ ਆਲੋਚਨਾਤਮਿਕ ਬਣ ਜਾਂਦਾ ਹੈ। ਜੇਕਰ ਬੱਚਾ ਸਕੂਲ ਵਿਚ ਇਹੋ ਜਿਹੀ ਸੂਝ ਅਤੇ

ਵਿਹਾਰ ਨਹੀਂ ਸਿੱਖਦਾ ਤਾਂ ਉਹ ਵੱਡਾ ਹੋ ਕੇ ਇਹੋ ਜਿਹੀ ਸੂਝ ਅਤੇ ਵਿਹਾਰ ਨਹੀਂ ਅਪਣਾ ਸਕਦਾ। ਸੋ ਸਪਸ਼ਟ ਹੈ ਕਿ ਚਾਲੂ ਮਾਮਲੇ ਬੱਚਿਆਂ ਨੂੰ ਸਿਰਫ ਗਿਆਨ ਹੀ ਨਹੀਂ ਕਰਵਾਉਂਦੇ ਸਗੋਂ ਇਨ੍ਹਾਂ ਮਾਮਲਿਆਂ ਬਾਰੇ ਆਲੋਚਨਾਤਮਿਕ ਵਿਚਾਰ ਅਪਣਾਉਣ ਦੀ ਸਿੱਖਿਆ ਵੀ ਪ੍ਰਦਾਨ ਕਰਦੇ ਹਨ। ਉਨ੍ਹਾਂ ਨੂੰ ਅਜਿਹੇ ਨਾਗਰਿਕ ਨਹੀਂ ਬਣਾਉਣਾ ਚਾਹੀਦਾ, ਜਿਹਨਾਂ ਦੀ ਸੋਚ ਅਲੋਚਨਾਤਮਿਕ ਵਿਚਾਰ ਤੋਂ ਵੱਖਰੀ ਹੋਵੇ ਅਤੇ ਜੀਵਨ ਦੀ ਹਰੇਕ ਚੀਜ਼ ਨੂੰ ਭਾਵੇਂ ਉਹ ਚੰਗੀ ਹੋਵੇ ਜਾਂ ਮੰਦੀ, ਮਨਜ਼ੂਰ ਕਰ ਲੈਣ। ਇਸ ਤਰ੍ਹਾਂ ਦੇ ਵਿਹਾਰ ਨਾਲ ਸਮਾਜ ਉੱਨਤੀ ਨਹੀਂ ਕਰ ਸਕਦੇ। ਸੋ ਮਾੜੇ ਜਾਂ ਚੰਗੇ ਦਾ ਅਹਿਸਾਸ ਚਾਲੂ ਮਾਮਲਿਆਂ ਤੋਂ ਹੁੰਦਾ ਹੈ।

3. **ਲੋਕਤੰਤਰਿਕ ਨਾਗਰਿਕ ਪੈਦਾ ਕਰਨਾ (To Produce Democratic Citizens) :** ਲੋਕਤੰਤਰਿਕ ਸਰਕਾਰ ਵਿਚ ਹਰੇਕ ਵਿਅਕਤੀ ਨੇ ਰਾਜਸੀ ਫਰਜ਼ ਨਿਭਾਉਣੇ ਅਤੇ ਰਾਜਸੀ ਅਧਿਕਾਰਾਂ ਦਾ ਆਨੰਦ ਮਾਣਨਾ ਹੁੰਦਾ ਹੈ। ਇਸ ਲਈ ਸਾਰੇ ਬੱਚਿਆਂ ਨੂੰ ਚੰਗੇ ਨਾਗਰਿਕ ਬਣਨ ਦੀ ਸਿੱਖਿਆ ਦੇਣੀ ਚਾਹੀਦੀ ਹੈ, ਚੰਗੇ ਨਾਗਰਿਕ ਬਣਨ ਦੀ ਸਿਖਿਆ ਪ੍ਰਤੱਖ ਰੂਪ ਵਿਚ ਦੇਣ ਲਈ ਚਾਲੂ ਮਾਮਲਿਆਂ ਦਾ ਅਧਿਐਨ ਜ਼ਰੂਰੀ ਹੈ। ਵੋਟ ਦੇਣ ਦਾ ਅਧਿਕਾਰ ਅਤੇ ਸਹੀ ਨੇਤਾ ਚੁਣਨ ਦਾ ਅਧਿਕਾਰ ਸਭ ਨੂੰ ਬਰਾਬਰ ਹੁੰਦਾ ਹੈ। ਇਹੋ ਜਿਹੇ ਉਪ-ਵਿਸ਼ਿਆਂ ਬਾਰੇ ਜਾਣਕਾਰੀ ਚਾਲੂ ਮਾਮਲਿਆਂ ਤੋਂ ਹੀ ਦਿੱਤੀ ਜਾ ਸਕਦੀ ਹੈ।
4. **ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਤੱਥਾਂ ਨੂੰ ਸਮਝਣਾ (To Understand Economic, Social and Cultural Factors) :** ਸਮਾਜਿਕ ਅਧਿਐਨ ਬੜਾ ਵਿਸ਼ਾਲ ਖੇਤਰ ਵਾਲਾ ਵਿਸ਼ਾ ਹੈ ਜਿਸ ਦਾ ਸੰਬੰਧ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਮਸਲਿਆਂ ਨਾਲ ਹੈ। ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਮਸਲਿਆਂ ਦਾ ਠੀਕ ਗਿਆਨ ਦੇਣ ਲਈ ਚਾਲੂ ਮਾਮਲਿਆਂ ਦੀ ਮਹੱਤਤਾ ਹੈ। ਉਦਾਹਰਣ ਦੇ ਤੌਰ ਤੇ, ਸਰਕਾਰ ਵੱਲੋਂ ਬਜਟ ਪੇਸ਼ ਕੀਤਾ ਜਾਂਦਾ ਹੈ ਅਤੇ ਇਹ ਘਾਟੇ ਦਾ ਜਾਂ ਵਾਧੇ ਦਾ ਬਜਟ ਹੋ ਸਕਦਾ ਹੈ। ਵਿਦਿਆਰਥੀਆਂ ਨੂੰ ਕੇਵਲ ਆਪਣੇ ਦੇਸ਼ ਦੀਆਂ ਆਰਥਿਕ ਸਮੱਸਿਆਵਾਂ ਦਾ ਗਿਆਨ ਹੀ ਨਹੀਂ ਹੋਣਾ ਚਾਹੀਦਾ ਸਗੋਂ ਸੰਸਾਰ ਦੇ ਹੋਰਨਾਂ ਦੇਸ਼ਾਂ ਦੇ ਇਹੋ ਜਿਹੇ ਚਾਲੂ ਮਾਮਲਿਆਂ ਦਾ ਗਿਆਨ ਵੀ ਹੋਣਾ ਜ਼ਰੂਰੀ ਹੈ।
5. **ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੂਝ-ਬੂਝ (National and International understanding) :** ਵਿਦਿਆਰਥੀਆਂ ਵਿਚ ਰਾਸ਼ਟਰੀ ਸੂਝ-ਬੂਝ ਪੈਦਾ ਕਰਨ ਲਈ ਮਾਮਲੇ ਬੜਾ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਭਾਰਤ ਵਰਗੇ ਦੇਸ਼ਾਂ ਵਿਚ ਅਨੇਕਾਂ ਧਰਮ, ਪਹਿਰਾਵੇ, ਬੋਲੀਆਂ ਆਦਿ ਵੱਖ-ਵੱਖ ਹਨ। ਚਾਲੂ ਮਾਮਲਿਆਂ ਦੁਆਰਾ ਅਨੇਕਤਾ ਵਿੱਚ ਏਕਤਾ ਕਾਇਮ ਕੀਤੀ ਜਾਂਦੀ ਹੈ। ਉਦਾਹਰਣ ਦੇ ਤੌਰ ਤੇ, ਰਾਮ ਜਨਮ ਭੂਮੀ, ਬਾਬਰੀ ਮਸਜਿਦ ਬਾਰੇ ਠੀਕ ਰਾਇ ਬਣਾ ਕੇ ਵਿਦਿਆਰਥੀਆਂ ਵਿਚ ਦੋਹਾਂ ਧਰਮਾਂ ਪ੍ਰਤੀ ਸ਼ਰਧਾ ਪੈਦਾ ਕੀਤੀ ਜਾ ਸਕਦੀ ਹੈ।

   ਰਾਸ਼ਟਰੀ ਭਾਵਨਾ ਇਸ ਤਰ੍ਹਾਂ ਨਹੀਂ ਹੋਣੀ ਚਾਹੀਦੀ ਕਿ ਦੂਜੇ ਦੇਸ਼ਾਂ ਦੀ ਭਲਾਈ ਲਈ ਨਾ ਸੋਚਿਆ ਜਾਵੇ। ਵਿਸ਼ਵ ਸ਼ਾਂਤੀ ਦਾ ਉੱਚਾ ਵਿਚਾਰ ਵਿਦਿਆਰਥੀਆਂ ਵਿਚ ਚਾਲੂ ਮਾਮਲਿਆਂ ਦੁਆਰਾ ਵਿਕਸਿਤ ਕੀਤਾ ਜਾਂਦਾ ਹੈ। ਉਦਾਹਰਣ ਦੇ ਤੌਰ ਤੇ, ਪਿਛੇ ਜਿਹੇ ਸ਼ੁਰੂ ਹੋਈਆਂ ਖਾੜੀ ਸੰਕਟ ਅਤੇ ਯੂ.ਐਨ.ਓ. ਦਾ ਰੋਲ "ਸਾਰੇ ਜਹਾਂ ਸੇ ਅੱਛਾ ਹਿੰਦੂਸਤਾਨ ਹਮਾਰਾ" ਵਰਗੀ ਭਾਵਨਾ ਤੋਂ ਉੱਪਰ ਉਠ ਕੇ ਅੰਤਰ-ਰਾਸ਼ਟਰੀ ਭਾਵਨਾ ਪੈਦਾ ਕਰਨਾ ਅਤੇ ਵਿਸ਼ਵ ਨਾਗਰਿਕ ਪੈਦਾ ਕਰਨ ਵਿਚ ਚਾਲੂ ਮਾਮਲਿਆਂ ਦੀ ਕਾਫੀ ਮਹੱਤਤਾ ਹੈ।
6. **ਜੀਵਨ ਭਰ ਸਿੱਖਿਆ ਦਾ ਸੰਕਲਪ (Concept of life-long Learning) :** ਚਾਲੂ ਮਾਮਲਿਆਂ ਦੇ ਅਧਿਐਨ ਰਾਹੀਂ ਜੀਵਨ ਭਰ ਸਿੱਖਿਆ (Long education) ਦਾ ਸੰਕਲਪ ਪਰਚਾਰਿਆ ਜਾ ਸਕਦਾ ਹੈ। ਚਾਲੂ ਮਾਮਲਿਆਂ ਦੀ ਸਿੱਖਿਆ ਵਿਦਿਆਰਥੀ ਦੇ ਸਕੂਲ ਜਾਂ ਕਾਲਜ ਤਕ ਸੀਮਿਤ ਨਹੀਂ ਰਹਿੰਦੀ, ਸਗੋਂ ਉਮਰ ਭਰ ਚਲਦੀ ਰਹਿੰਦੀ ਹੈ। ਇਸ ਲਈ ਸਿੱਖਿਆ ਵਿਚ ਜੀਵਨ ਭਰ

ਸਿਖਸ਼ਣ ਦਾ ਸਿਧਾਂਤ ਵਰਤੋਂ ਵਿਚ ਆਉਂਦਾ ਹੈ। ਇਸ ਸਿਧਾਂਤ ਅਨੁਸਾਰ, ਅੱਜ ਦੇ ਬੱਚੇ ਵੱਡੇ ਹੋ ਕੇ ਵੀ ਚਾਲੂ ਮਾਮਲਿਆਂ ਦਾ ਗਿਆਨ ਸਦਾ ਪ੍ਰਾਪਤ ਕਰਦੇ ਰਹਿਣਗੇ ਅਤੇ ਇਸ ਤਰ੍ਹਾਂ ਆਪਣੇ ਗਿਆਨ ਵਿਚ ਵਾਧਾ ਕਰਦੇ ਰਹਿਣਗੇ।

7. **ਭੂਤਕਾਲ, ਵਰਤਮਾਨ ਕਾਲ ਅਤੇ ਭਵਿੱਖ ਨੂੰ ਸਮਝਣਾ (To Understand the Past, Present and Future) :** ਚਾਲੂ ਮਾਮਲਿਆਂ ਦਾ ਗਿਆਨ ਬੱਚਿਆਂ ਨੂੰ ਭੂਤ ਕਾਲ ਦੀ ਰੌਸ਼ਨੀ ਵਿਚ ਵਰਤਮਾਨ ਕਾਲ ਨੂੰ ਸਮਝਣ ਦੇ ਯੋਗ ਬਣਾਉਣਾ ਹੈ। ਕਿਉਂਕਿ ਵਰਤਮਾਨ ਵਿਚ ਜਿਹੜੀਆਂ ਘਟਨਾਵਾਂ ਚਲ ਰਹੀਆਂ ਹਨ, ਉਨ੍ਹਾਂ ਦਾ ਮਾੜਾ ਜਾਂ ਚੰਗਾ ਅਸਰ ਭੂਤ ਕਾਲ ਵਿਚ ਹੀ ਪਿਆ ਸੀ ਜਿਵੇਂ ਕਿ ਅੱਜ ਦੇ ਹਾਲਾਤ ਨੂੰ 1947 ਦੇ ਸੰਦਰਭ ਵਿਚ ਵੇਖਣਾ, ਵਰਤਮਾਨ ਵਿਚ ਚਲਦੀਆਂ ਸਮੱਸਿਆਵਾਂ ਨੂੰ ਲੈ ਕੇ ਵਿਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਕਰਨਾ, ਜਿਵੇਂ ਕਿ ਖਾੜੀ ਯੁੱਧ ਤੋਂ ਹੋਏ ਨੁਕਸਾਨ ਦੇਸ਼ ਦੇ ਭਵਿੱਖ ਲਈ ਤਿਆਰ ਕਰਨਾ। ਚਾਲੂ ਮਾਮਲਿਆਂ ਦੁਆਰਾ ਭੂਤਕਾਲ, ਵਰਤਮਾਨ ਅਤੇ ਭਵਿੱਖ ਠੀਕ ਸਮਝਿਆ ਜਾ ਸਕਦਾ ਹੈ।
8. **ਚਾਲੂ ਮਾਮਲੇ ਸਮਾਜਿਕ ਅਧਿਐਨ ਸਿੱਖਿਆ ਨੂੰ ਪ੍ਰੇਰਿਤ ਕਰਦੇ ਹਨ (Current Affairs motivate the Learning of Social Studies) :** ਉੱਚੇ ਬੌਧਿਕ ਪੱਧਰ ਦੇ ਵਿਦਿਆਰਥੀ ਵਰਤਮਾਨ ਘਟਨਾਵਾਂ ਨੂੰ ਜਾਣਨ ਦੀ ਰੁਚੀ ਰੱਖਦੇ ਹਨ। ਅੱਜ-ਕੱਲ ਤਾਂ ਛੋਟੇ ਬੱਚੇ ਵੀ ਦੇਸ਼-ਵਿਦੇਸ਼ ਦੀਆਂ ਘਟਨਾਵਾਂ ਤੋਂ ਸੁਚੇਤ ਹੁੰਦੇ ਹਨ। ਉਹ ਦੇਸ਼ ਦੀ ਪਾਰਲੀਮੈਂਟ ਜਾਂ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜੇ ਜਾਣਨ ਪ੍ਰਤੀ ਉਤਸੁਕ ਰਹਿੰਦੇ ਹਨ। ਇਸ ਲਈ ਸਮਾਜਿਕ ਅਧਿਐਨ ਦਾ ਵਿਸ਼ੇ ਵਿਚ ਚਾਲੂ ਮਾਮਲਿਆਂ ਨੂੰ ਸ਼ਾਮਲ ਕਰਨ ਨਾਲ ਸਮਾਜਿਕ ਅਧਿਐਨ ਦਾ ਵਿਸ਼ਾ ਦਿਲਚਸਪ ਬਣਾਇਆ ਜਾ ਸਕਦਾ ਹੈ। ਬੱਚਿਆਂ ਨੂੰ ਵੱਧ ਤੋਂ ਵੱਧ ਪ੍ਰੇਰਿਤ ਕੀਤਾ ਜਾ ਸਕਦਾ ਹੈ।

ਸਮਾਜਿਕ ਅਧਿਐਨ ਵਿਸ਼ੇ ਵਿਚ ਚਾਲੂ ਮਾਮਲਿਆਂ ਨੂੰ ਸ਼ਾਮਲ ਕਰਨ ਦਾ ਉਦੇਸ਼ ਦੇਸ਼ ਜਾਂ ਸੰਸਾਰ ਦੀਆਂ ਚਾਲੂ ਸਮੱਸਿਆਵਾਂ ਤਸਂ ਬੱਚਿਆਂ ਨੂੰ ਜਾਣੂ ਕਰਵਾਉਣਾ ਹੈ। ਚਾਲੂ ਮਾਮਲਿਆਂ ਨੂੰ ਸਕੂਲ ਦੇ ਪਾਠਕ੍ਰਮ ਵਿਚ ਸ਼ਾਮਲ ਕਰਕੇ ਬੱਚਿਆਂ ਨੂੰ ਚਾਲੂ ਜੀਵਨ ਅਤੇ ਇਸ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾ ਕੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕਰਤੱਵ ਨਿਬਾਉਣਾ ਲਈ ਤਿਆਰ ਕੀਤਾ ਜਾਣਾ ਚਾਹੀਦਾ ਹੈ।

### 2.1.4 ਚਾਲੂ ਮਾਮਲਿਆਂ ਨੂੰ ਇਕੱਠਾ ਕਰਨ ਦੇ ਨਿਯਮ (Criteria for Selecting Current affairs)

ਚਾਲੂ ਮਾਮਲਿਆਂ ਨੂੰ ਇਕੱਠਾ ਕਰਨ ਲਈ ਕੋਈ ਕਰੜੇ ਨਿਸ਼ਚਿਤ ਨਿਯਮ ਤਾਂ ਨਹੀਂ ਹਨ ਪਰ ਫਿਰ ਵੀ ਜਿੱਥੋਂ ਤਕ ਹੋ ਸਕੇ, ਇਹ ਕੁਝ ਸਿਧਾਂਤਾਂ ਨੂੰ ਮੁੱਖ ਰੱਖ ਕੇ ਕਰਨੀ ਚਾਹੀਦੀ ਹੈ। ਇਨ੍ਹਾਂ ਨੂੰ ਇਕੱਠੇ ਕਰਨ ਲਈ ਹੇਠ ਲਿਖੇ ਹੋਣੇ ਚਾਹੀਦੇ ਹਨ।

1. **ਗੁਣਾਤਮਿਕਤਾ (Quality) :** ਚਾਲੂ ਮਾਮਲੇ ਇਕੱਠੇ ਕਰਨ ਲੱਗਿਆਂ ਇਸ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਇਕੱਠੀਆਂ ਕੀਤੀਆਂ ਖ਼ਬਰਾਂ ਜਾਂ ਘਟਨਾਵਾਂ ਦੀ ਵਿਦਿਆਰਥੀਆਂ ਲਈ ਵਿਸ਼ੇਸ਼ ਉਪਯੋਗਤਾ ਹੋਣੀ ਚਾਹੀਦੀ ਹੈ। ਜਿਵੇਂ ਕਿ ਮਿਉਂਸਪਲ ਚੋਣਾਂ, ਵਿਧਾਨ ਸਭਾ, ਹੜ੍ਹਾਂ, ਭੂਚਾਲ ਰਾਹੀਂ ਤਬਾਹੀ ਆਦਿ। ਇਸ ਤਰ੍ਹਾਂ ਵਿਦਿਆਰਥੀਆਂ ਨੂੰ ਪਤਾ ਲੱਗਦਾ ਹੈ ਕਿ ਇਨ੍ਹਾਂ ਦਾ ਲੋਕਾਂ ਦੇ ਜੀਵਨ ਉੱਤੇ ਕੀ ਅਸਰ ਪਿਆ ਹੈ, ਪਰ ਮਤਭੇਦਾਂ ਵਾਲੀਆਂ ਖਬਰਾਂ ਬਾਰੇ ਖਾਸ ਧਿਆਨ ਰੱਖਣਾ ਚਾਹੀਦਾ ਹੈ।
2. **ਢੁੱਕਵਾਂਪਨ (Suitability) :** ਚਾਲੂ ਮਾਮਲਿਆਂ ਉਤੇ ਵਿਚਾਰ-ਵਟਾਂਦਰਾ ਕਰਨ ਲਈ ਸਿਰਫ ਉਹੀ ਚਾਲੂ ਮਾਮਲੇ ਇਕੱਠੇ ਕੀਤੇ ਜਾਣੇ ਚਾਹੀਦੇ ਹਨ ਜਿਹੜੇ ਕਿ ਵਿਦਿਆਰਥੀਆਂ ਦੀ ਉਮਰ, ਯੋਗਤਾ ਅਤੇ ਸਮਝ ਦੇ ਅਨੁਸਾਰ ਹੋਣੀ ਅਤੇ ਪੂਰੀ ਤਰ੍ਹਾਂ ਢੁੱਕਵੇਂ (Suitable) ਹੋਣ। ਬੱਚਿਆਂ ਦੇ ਬੌਧਿਕ ਪੱਧਰ ਦਾ ਧਿਆਨ ਰੱਖਣਾ ਚਾਹੀਦਾ ਹੈ।
3. **ਭਰੋਸੇਯੋਗਤਾ (Reliability) :** ਕਿਸੀ ਖਾਸ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਇਕੱਠੀਆਂ ਕੀਤੀਆਂ ਹੋਈਆਂ ਖ਼ਬਰਾਂ ਜਾਂ ਘਟਨਾਵਾਂ ਭਰੋਸੇਯੋਗ ਅਤੇ ਸੱਚੀਆਂ ਹੋਣੀਆਂ ਚਾਹੀਦੀਆਂ ਹਨ।

ਇਹੋ ਜਿਹੀਆਂ ਖ਼ਬਰਾਂ ਨੂੰ ਵਿਦਿਆਰਥੀਆਂ ਸਾਹਮਣੇ ਪੇਸ਼ ਕਰਨ ਤੋਂ ਪਹਿਲਾਂ ਅਧਿਆਪਕ ਨੂੰ ਇਨ੍ਹਾਂ ਬਾਰੇ ਤੱਥ ਇਕੱਠੇ ਕਰਨੇ ਚਾਹੀਦੇ ਹਨ। ਜਿਸ ਅਖਬਾਰ ਵਿਚ ਇਹ ਖਬਰ ਛਪੀ ਹੈ, ਕੀ ਉਹ ਭਰੋਸੇਯੋਗ ਹੈ ? ਕੀ ਇਹ ਖਬਰ ਸਰਕਾਰੀ ਸੋਮਿਆਂ ਵਲੋਂ ਦੱਸੀ ਗਈ ਜਾਂ ਕਿਸ ਕਿਸੇ ਵਿਸ਼ੇਸ਼ ਰਾਜਸੀ ਪਾਰਟੀ ਵੱਲਸੋਂ, ਕੀ ਜਿਸ ਦੇਸ਼ ਤੋਂ ਇਹ ਖਬਰ ਆਈ ਹੈ, ਉਥੇ ਪ੍ਰੈਸ ਸੁਤੰਤਰ ਹੈ ਜਾਂ ਉਸ ਉੱਪਰ ਸਰਕਾਰ ਦਾ ਕੰਟਰੋਲ ਹੈ। ਸਰਕਾਰੀ ਕੰਟਰੋਲ ਵਾਲੀਆਂ ਖਬਰਾਂ ਪੂਰੀ ਤਰ੍ਹਾਂ ਸੱਚੀਆਂ ਨਹੀਂ ਹੋ ਸਕਦੀਆਂ।

4. **ਤਾਜ਼ਾਪਣ (Recency) :** ਚਾਲੂ ਮਾਮਲਾ ਕੇਵਲ ਉਹੀ ਅਖਵਾ ਸਕਦਾ ਹੈ ਜਿਹੜਾ ਹੁਣੇ ਜਿਹੇ ਵਪਾਰੀਆ ਹੋਵੇ, ਪਰ ਇਥੇ ਪ੍ਰਸ਼ਨ ਇਹ ਉਠਦਾ ਹੈ ਕਿ ਇਹ ਕਿੰਨਾਂ ਕੁ ਤਾਜ਼ਾ ਹੋਣਾ ਚਾਹੀਦਾ ਹੈ। ਵਿਦਿਆਰਥੀਆਂ ਵਿਚ ਰੁਚੀ ਉਤਪੰਨ ਕਰਨ ਲਈ ਸਿਰਫ ਉਹ ਚਾਲੂ ਮਾਮਲੇ ਇਕੱਠੇ ਕੀਤੇ ਜਾਣੇ ਚਾਹੀਦੇ ਹਨ ਜਿਹੜੇ ਹੁਣੇ ਜਿਹੇ ਵਾਪਰੇ ਹੋਣ, ਜਿਵੇਂ ਕਿ ਖਾੜੀ ਸੰਕਟ, ਪੰਜਾਬ ਸਮੱਸਿਆਵਾਂ, ਪਲੇਗ ਦਾ ਫੈਲਣਾ, ਹੜ੍ਹਾਂ ਦਾ ਆਉਣਾ, ਕਸ਼ਮੀਰ, ਸਮੱਸਿਆ, ਲੋਕ ਸਭਾ ਦੀ ਚੋਣ, ਚੋਣ ਕਮਿਸ਼ਨ ਵੱਲੋਂ ਦਿਤੇ ਗਏ ਨਵੇਂ ਸਿਧਾਂਤ।
5. **ਮਹੱਤਤਾ ਅਤੇ ਖੇਤਰ (Importance and Scope) :** ਚਾਲੂ ਮਾਮਲੇ ਅਜਿਹੇ ਹੋਣੇ ਚਾਹੀਦੇ ਹਨ ਜਿਨ੍ਹਾਂ ਦਾ ਸਾਡੇ ਸਮਾਜ ਨੂੰ ਲਾਭ ਹੋ ਸਕੇ। ਵੱਡੇ-ਵੱਡੇ ਦੇਸ਼ਾਂ ਜਿਵੇਂ ਕਿ ਅਮਰੀਕਾ, ਰੂਸ, ਆਦਿ ਦੇਸ਼ਾਂ ਨਾਲ ਸੰਬੰਧ ਰੱਖਣ ਵਾਲੀਆਂ ਖਬਰਾਂ ਘੱਟ ਮਹੱਤਤਾ ਰੱਖਦੀਆਂ ਹਨ। ਇਸੇ ਤਰ੍ਹਾਂ ਦੂਰ ਦੇ ਸ਼ਾਂ ਨਾਲੋਂ ਗੁਆਂਢੀ ਦੇਸ਼ਾਂ ਵਿਚ ਵਪਾਰੀਆਂ ਘਟਨਾਵਾਂ ਸੰਬੰਧੀ ਖਬਰਾਂ ਵਧੇਰੇ ਮਹੱਤਤਾ ਰੱਖਦੀਆਂ ਹਨ। ਇਸ ਅਨੁਸਾਰ ਪਾਕਿਸਤਾਨ, ਅਫਗਾਨਿਸਤਾਨ, ਚੀਨ ਅਤੇ ਤਿੱਬਤ ਵਿਚ ਵਾਪਰੀਆਂ ਘਟਨਾਵਾਂ ਸਾਡੇ ਦੇਸ਼ ਦੇ ਵਿਦਿਆਰਥੀਆਂ ਲਈ ਬਹੁਤ ਵੱਡੀ ਮਹੱਤਤਾ ਰੱਖਦੀਆਂ ਹਨ। ਅਧਿਆਪਕਾਂ ਨੂੰ ਚਾਹੀਦਾ ਹੈ, ਖ਼ਬਰਾਂ ਦੀ ਮਹੱਤਤਾ ਨੂੰ ਮੁੱਖ ਰੱਖਕੇ ਹੀ ਵਿਦਿਆਰਥੀਆਂ ਨੂੰ ਉਹ ਖਬਰਾਂ ਇਕੱਠਾ ਕਰਨ ਲਈ ਉਤਸਾਹਿਤ ਕਰੇ।

**2.1.5. ਚਾਲੂ ਮਾਮਲਿਆਂ ਦੇ ਅਧਿਐਨ ਸੰਬੰਧੀ ਤਕਨੀਕਾਂ (Techniques of Studying Current Affairs in Social Studies) :** ਚਾਲੂ ਮਾਮਲਿਆਂ ਨੂੰ ਸਫਲਤਾਪੂਰਨ ਪੜ੍ਹਾਉਣ ਲਈ ਕੁਝ ਕੁ ਤਕਨੀਕਾਂ ਵਰਤੀਆਂ ਜਾ ਸਕਦੀਆਂ ਹਨ। ਇਹ ਬੱਚੀਆਂ ਵਾਸਤੇ ਬੜੀਆਂ ਲਾਭਦਾਇਕ ਸਿਧ ਹੋ ਸਕਦੀਆਂ ਹਨ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. **ਸਾਂਝਾ ਵਿਚਾਰ ਵਟਾਂਦਰਾ (Panel Discussion) :** ਵਿਚਾਰ ਵਟਾਂਦਰਾ ਤਕਨੀਕ ਚਾਲੂ ਮਾਮਲੇ ਪੜ੍ਹਾਉਣ ਲਈ ਵਧੀਆ ਹੈ। ਇਸ ਨਾਲ ਤਿੰਨ ਜਾਂ ਚਾਰ ਵਿਦਿਆਰਥੀ ਜਮਾਤ ਵਿਚ ਚਾਲੂ ਮਾਮਲਿਆਂ ਦੇ ਵਿਸ਼ੇ ਤੇ ਆਪਣੇ-ਆਪਣੇ ਵਿਚਾਰ ਪੇਸ਼ ਕਰਦੇ ਹਨ ਜਿਸ ਬਾਰੇ ਉਨ੍ਹਾਂ ਪਹਿਲਾਂ ਤਿਆਰੀ ਕੀਤੀ ਹੋਈ ਹੁੰਦੀ ਹੈ। ਇਸ ਤੋਂ ਬਾਅਦ ਉਸ ਵਿਸ਼ੇ ਉੱਤੇ ਸਮੁੱਚੀ ਚਰਚਾ ਹੁੰਦੀ ਹੈ। ਇਸ ਵਿਚਾਰ ਵਟਾਂਦਰੇ ਦਾ ਇਕ ਚੇਅਰਮੈਨ (Chairman) ਹੁੰਦਾ ਹੈ ਜਿਹੜਾ ਵਿਚਾਰ ਪ੍ਰਗਟ ਕਰਨ ਵਾਲੇ ਮੈਂਬਰਾਂ ਨੂੰ ਵਾਰੀ ਸਿਰ ਬੋਲਣ ਦੀ ਆਗਿਆ ਦਿੰਦਾ ਹੈ। ਫਿਰ ਸਰੋਤੀਆਂ ਨੂੰ ਪ੍ਰਸ਼ਨ ਪੁੱਛਣ ਦੀ ਆਗਿਆ ਦਿੰਦਾ ? ਅਧਿਆਪਕ ਇਸ ਸਾਰੇ ਵਿਚਾਰ ਵਟਾਦਰੇ ਦਾ ਸੰਗਠਨ ਕਰਦਾ ਹੈ ਅਤੇ ਅੰਤ ਵਿਚ ਸਾਰੀ ਕਾਰਵਾਈ. ਦਾ ਨਤੀਜਾ ਪੇਸ਼ ਕਰਦਾ ਹੈ। ਉਹ ਵਿਦਿਆਰਥੀਆਂ ਨੂੰ ਇਸ ਵਿਚਾਰ-ਵਟਾਂਦਰੇ ਦਾ ਨਿਰਣਾ ਕੱਢਣ ਵਿਚ ਵੀ ਸਹਾਇਤਾ ਕਰਦਾ ਹੈ।
2. **ਗੋਲ ਮੇਜ਼ ਕਾਨਫਰੰਸ (Round Table Conference) :** ਇਸ ਵਿਚ ਸਾਰੇ ਵਿਦਿਆਰਥੀਆਂ ਨੂੰ ਚਾਰ ਪੰਜ ਗਰੁੱਪਾਂ ਵਿਚ ਵੰਡ ਦਿਤਾ ਜਾਂਦਾ ਹੈ ਅਤੇ ਸਭ ਨੂੰ ਵਿਚਾਰ ਵਟਾਂਦਰੇ ਵਿਚ ਭਾਗ ਲੈਣ ਅਤੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਦਿਤਾ ਜਾਂਦਾ ਹੈ ਇਸ ਵਿਚ ਵਿਦਿਆਰਥੀਆਂ ਨੂੰ ਆਪਣੀ ਤਿਆਰੀ ਪਹਿਲਾਂ ਤੋਂ ਕਰਕੇ ਆਉਣਾ ਪੈਂਦਾ ਹੈ। ਅਧਿਆਪਕ ਦਾ ਕੰਮ ਨਿਗਰਾਨੀ ਕਰਨਾ ਹੁੰਦਾ

ਹੈ। ਇਸ ਦਾ ਵਿਸ਼ਾ ਚਾਲੂ ਮਾਮਲਿਆਂ ਵਿਚੋਂ ਚੁਣ ਲਿਆ ਜਾਂਦਾ ਹੈ।

3. **ਅਖ਼ਬਾਰਾਂ ਦੀਆਂ ਕਾਤਰਾਂ, ਕਾਰਟੂਨਾਂ ਅਤੇ ਚਿੱਤਰਾਂ ਦੀ ਪ੍ਰਦਰਸ਼ਨੀ (Exhibition of Newspaper Cutting and Pictures) :** ਚਾਲੂ ਮਾਮਲੇ ਕਿਸੇ ਪੁਸਤਕ ਵਿਚ ਨਹੀਂ ਹੁੰਦੇ। ਚਾਲੂ ਮਾਮਲਿਆਂ ਸੰਬੰਧੀ ਗਿਆਨ ਹਮੇਸ਼ਾ ਅਖ਼ਬਾਰਾਂ ਵਿਚ ਨਕਸ਼ੇ, ਕਾਰਟੂਨਾਂ ਅਤੇ ਖਬਰਾਂ ਸੰਬੰਧੀ ਕਾਤਰਾਂ ਇਕੱਠੇ ਕਰਨ ਅਤੇ ਫਿਰ ਇਨ੍ਹਾਂ ਨੂੰ ਸਮਾਚਾਰ ਬੋਰਡ ਉੱਤੇ ਨੁਮਾਇਸ਼ ਵਜੋਂ ਪੇਸ਼ ਕਰਨ। ਇਸ ਤਰ੍ਹਾਂ ਦੀ ਪ੍ਰਦਰਸ਼ਣੀ ਸਮਾਜਿਕ ਅਧਿਐਨ ਦੇ ਕਮਰੇ ਵਿਚ ਲਗਾਈ ਜਾ ਸਕਦੀ ਹੈ ਜਿਸ ਨੂੰ ਸਾਰੇ ਸਕੂਲ ਦੇ ਵਿਦਿਆਰਥੀ ਵਾਰੀ-ਵਾਰੀ ਦੇਖ ਸਕਦੇ ਹਨ।
4. **ਖ਼ਬਰਾਂ ਦਾ ਨਾਟਕੀਕਰਨ (Dramatization of News items) :** ਵਿਦਿਆਰਥੀ ਨੂੰ ਚਾਲੂ ਮਾਮਲਿਆਂ ਵਾਲੀਆਂ ਘਟਨਾਵਾਂ ਨੂੰ ਨਾਟਕੀਕਰਨ ਰਾਹੀਂ ਪੇਸ਼ ਕਰਨ ਲਈ ਉਤਸਾਹਿਤ ਕੀਤਾ ਜਾਂਦਾ ਹੈ ਜਿਵੇਂ ਕਿ ਯੂ.ਐਨ.ਓ. ਅਸੈਂਬਲੀ ਦੀ ਕਾਰਵਾਈ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਦਿਵਸ ਨੂੰ ਮਨਾਉਣਾ ਆਦਿ। ਇਹ ਤਕਨੀਕ ਵਿਦਿਆਰਥੀਆਂ ਵਿਚ ਚਾਲੂ ਮਾਮਲਿਆਂ ਸੰਬੰਧੀ ਰੁਚੀ ਵਧਾਉਣ ਲਈ ਸਹਾਇਕ ਹੁੰਦੀ ਹੈ।
5. **ਰਸਾਲਿਆਂ ਦੀ ਵਰਤੋਂ (Use of Magazine Journey) :** ਚਾਲੂ ਮਾਮਲਿਆਂ ਨੂੰ ਸਮਝਣ ਲਈ ਰਸਾਲੀਆਂ ਤੋਂ ਬੜਾ ਲਾਭ ਉਠਾਇਆ ਜਾ ਸਕਦਾ ਹੈ। ਚਾਲੂ ਮਾਮਲਿਆਂ ਉੱਤੇ ਚੰਗੇ ਰੀਵਿਊ ਜਾਂ ਪੜ੍ਹਨ ਲਈ ਕਈ ਪ੍ਰਸਿੱਧ ਰਸਾਲੇ ਜਿਵੇਂ ਰੀਡਰਜ਼ ਡਾਇਜੈਸਟ (Reader's Digest) ਮੰਗਵਾਉਣੇ ਚਾਹੀਦੇ ਹਨ। ਚਾਲੂ ਘਟਨਾਵਾਂ ਅਤੇ ਅੰਤਰ-ਰਾਸ਼ਟਰੀ ਘਟਨਾਵਾਂ ਲਈ ਇੰਡੀਆ ਟੂਡੇ, ਆਦਿ ਲਾਭਦਾਇਕ ਸਿੱਧ ਹੋ ਸਕਦੇ ਹਨ। ਸਕੂਲ ਵਿਚ ਇਸ ਦੇ ਪ੍ਰਸਿਧ ਰਸਾਲੇ ਮੰਗਵਾਉਣੇ ਚਾਹੀਦੇ ਹਨ।
6. **ਨਕਸ਼ੇ, ਚਾਰਟ, ਗ੍ਰਾਫ ਅਤੇ ਸਮਾਂ ਰੇਖਾ ਬਣਾਉਣਾ (Preparation of Map, charts, Graphs and Time-line) :** ਕਿਸੇ ਰੇਖਾ ਨਕਸ਼ੇ ਵਿਚ ਕਿਸੇ ਕਿਸੇ ਵੀ ਦੇਸ਼ ਦੇ ਚਾਲੂ ਮਾਮਲਿਆਂ ਸੰਬੰਧੀ ਉਨ੍ਹਾਂ ਸਥਾਨਾਂ ਦੇ ਨਾਂ ਭਰਕੇ ਵਿਚਾਰਿਆ ਜਾਵੇ, ਜਿਥੇ ਮਹੱਤਵਪੂਰਨ ਘਟਨਾਵਾਂ ਵਾਪਰੀਆਂ ਹਨ। ਉਦਾਹਰਣ ਦੇ ਤੌਰ ਤੇ, ਇਰਾਕ, ਬਹੁ-ਰਾਸ਼ਟਰੀ ਫੌਜਾਂ ਦੀ ਲੜਾਈ ਨੂੰ ਸੰਸਾਰ ਰੇਖਾ ਨਕਸ਼ੇ ਵਿਚ ਦਿਖਾਇਆ ਜਾ ਸਕਦਾ ਹੈ ਜਿਸ ਨਾਲ ਵਿਦਿਆਰਥੀਆਂ ਨੂੰ ਸਥਾਨ ਦਾ ਗਿਆਨ ਹੋ ਸਕੇ। ਜਬਾਨੀ ਵਿਚਾਰ-ਵਟਾਂਦਰਾ ਕਰਨ ਨਾਲੋਂ ਤਸਵੀਰਾਂ, ਚਾਰਟਾਂ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਦਾਹਰਣ ਦੇ ਤੌਰ ਤੇ, ਰੂਸ ਵਿਚ ਆਏ ਪਰਿਵਰਤਨ ਨੂੰ ਚਾਰਟ ਤੇ ਦਿਖਾਇਆ ਜਾ ਸਕਦਾ ਹੈ। ਇਕ ਸਾਲ ਵਿਚ ਹੋਈਆਂ ਸਾਰੀਆਂ ਮਹੱਤਵਪੂਰਨ ਘਟਨਾਵਾਂ ਨੂੰ ਸਮਾਂ ਅਤੇ ਗ੍ਰਾਫ ਰਾਹੀਂ ਦਰਸਾਇਆ ਜਾ ਸਕਦਾ ਹੈ।
7. **ਕਾਪੀਆਂ ਅਤੇ ਫਾਈਲਾਂ ਤਿਆਰ ਕਰਨਾ (Preparation of Note-books and files) :** ਵੱਡੀਆਂ ਜਮਾਤਾਂ ਦੇ ਵਿਦਿਆਰਥੀ ਖਾਸ ਕਾਪੀਆਂ ਤੇ ਫਾਈਲਾਂ ਤਿਆਰ ਕਰ ਸਕਦੇ ਹਨ। ਅਖ਼ਬਾਰਾਂ ਅਤੇ ਰਸਾਲਿਆਂ ਵਿਚੋਂ ਕਾਤਰਾਂ ਲੈ ਕੇ ਉਹਨਾਂ ਨੂੰ ਕਾਪੀਆਂ ਤੇ ਲਗਾਉਣਾ। ਇਕ ਪਾਸੇ ਮਹੱਤਵਪੂਰਨ ਚਾਲੂ ਮਾਮਲਿਆਂ ਦੀਆਂ ਤਸਵੀਰਾਂ ਅਤੇ ਦੂਜੇ ਪਾਸੇ ਉਸ ਦੀ ਵਿਆਖਿਆ ਲਿਖੀ ਜਾ ਸਕਦੀ ਹੈ।
8. **ਮਾਹਿਰ ਵਿਅਕਤੀ ਦਾ ਲੈਕਚਰ (Lecture by Expert) :** ਕਿਸੇ ਵਿਸ਼ੇ ਦੇ ਮਾਹਿਰ ਵਿਅਕਤੀ ਨੂੰ ਸਕੂਲਾਂ ਵਿਚ ਬੁਲਾਇਆ ਜਾ ਸਕਦਾ ਹੈ ਜੋ ਚਾਲੂ ਮਾਮਲੇ ਤੇ ਆਪਣੇ ਵਿਚਾਰ ਪ੍ਰਗਟ ਕਰਦਾ ਹੈ। ਹਰ ਵਿਅਕਤੀ ਦਾ ਕਿਸੇ ਵਿਸ਼ੇਸ਼ ਵਿਸ਼ੇ ਨੂੰ ਪੇਸ਼ ਕਰਨ ਦਾ ਆਪਣਾ ਢੰਗ ਹੁੰਦਾ ਹੈ। ਵਿਦਿਆਰਥੀਆਂ ਨੂੰ ਇਸ ਤਰ੍ਹਾਂ ਵੱਖ-ਵੱਖ ਵਿਦਵਾਨਾਂ ਦੇ ਲੈਕਚਰ ਢੰਗਾਂ ਤੋਂ ਲਾਭ ਹੁੰਦਾ ਹੈ।

ਉਪਰੋਕਤ ਦਿੱਤੀਆਂ ਗਈਆਂ ਤਕਨੀਕਾਂ ਤੋਂ ਇਲਾਵਾਂ ਅਧਿਆਪਕ ਚਾਲੂ ਮਾਮਲੇ ਪੜ੍ਹਾਉਣ ਲਈ ਕਈ ਵਿਧੀਆਂ (Methods) ਵਰਤ ਸਕਦਾ ਹੈ। ਜਿਵੇਂ ਕਿ ਵਿਚਾਰ-ਵਟਾਂਦਰਾ ਵਿਧੀ (Discussion Method), ਪ੍ਰਯੋਗ ਵਿਧੀ (Laboratory Method), ਪ੍ਰੋਜੈਕਟ ਵਿਧੀ (Project Method) ਆਦਿ।

## 2.1.6 ਸਕੂਲਾਂ ਵਿਚ ਚਾਲੂ ਮਾਮਲਿਆਂ ਦਾ ਪ੍ਰਯੋਗ (Use of Current Affairs in School)

ਸਕੂਲਾਂ ਵਿਚ ਚਾਲੂ ਮਾਮਲਿਆਂ ਦਾ ਪ੍ਰਯੋਗ ਸਪਸ਼ਟ ਕਰੋ ? ਪੜ੍ਹਾਈ ਦਾ ਵਿਸ਼ਾ, ਢੰਗ ਜਾਂ ਪ੍ਰੇਰਨਾ ਦੇ ਰੂਪ ਵਿਚ ਕੀਤਾ ਜਾ ਸਕਦਾ ਹੈ।

1. **ਸਾਧਨ (As a Resource) :** ਚਾਲੂ ਮਾਮਲਿਆਂ ਨੂੰ ਸਾਧਨ ਦੇ ਤੌਰ ਤੇ ਪ੍ਰਯੋਗ ਕੀਤੇ ਗਏ ਵਿਸ਼ਿਆਂ ਨੂੰ ਸਪਸ਼ਟ ਕਰੋ। ਚਾਲੂ ਮਾਮਲਿਆਂ ਦੀ ਵਰਤੋਂ ਕਰਕੇ ਉਨ੍ਹਾਂ ਦਾ ਸਪਸ਼ਟੀਕਰਨ ਦੇ ਸਕਦੇ ਹਨ। ਵਿਦਿਆਰਥੀਆਂ ਦੀ ਜ਼ਰੂਰਤ ਅਨੁਸਾਰ ਅਧਿਆਪਕ ਇਨ੍ਹਾਂ ਦੀ ਵਰਤੋਂ ਕਰ ਸਕਦਾ ਹੈ।
2. **ਢੰਗ (As a Method) :** ਚਾਲੂ ਮਾਮਲਿਆਂ ਦਾ ਪ੍ਰਯੋਗ ਇਕ ਵਿਧੀ ਦਾ ਦ੍ਰਿਸ਼ਟੀਕੋਣ ਦੇ ਰੂਪ ਵਿਚ ਕੀਤਾ ਜਾ ਸਕਦਾ ਹੈ। ਸਮਾਜਿਕ ਅਧਿਐਨ ਵਿਸ਼ੇ ਵਿਚ ਵਿਦਿਆਰਥੀ ਅਸਲੀ ਅਨੁਭਵ ਤੋਂ ਦੂਰ ਹੁੰਦੇ ਹਨ। ਇਸ ਲਈ ਇਨ੍ਹਾਂ ਮਾਮਲਿਆਂ ਦਾ ਵਿਸ਼ਲੇਸ਼ਣ ਅਤੇ ਪੜ੍ਹਾਈ ਅਧੀਨ ਵਿਸ਼ਾ ਜਾਂ ਯੂਨਿਟ ਨਾਲ ਉਸ ਦੀ ਤੁਲਨਾ ਕੀਤੀ ਜਾ ਸਕਦੀ ਹੈ। ਸੋ ਔਖੀ ਸਮੱਗਰੀ ਦੇ ਅਧਿਐਨ ਵਿਚ ਚਾਲੂ ਮਾਮਲੇ ਵਿਧੀ ਬਣ ਗਏ ਹਨ।
3. **ਪ੍ਰੇਰਨਾ (As a Motivation) :** ਇਹ ਸੱਚ ਹੈ ਕਿ ਚਾਲੂ ਮਾਮਲੇ ਵਿਦਿਆਰਥੀ ਨੂੰ ਪ੍ਰੇਰਤ ਕਰਨ ਵਿਚ ਸਹਾਇਤਾ ਕਰਦੇ ਹਨ। ਇਸ ਲਈ ਇਨ੍ਹਾਂ ਨੂੰ ਸਕੂਲ ਸਿਲੇਬਸ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਵਰਤਮਾਨ ਵਿਚ ਜੋ ਕੁਝ ਵਾਪਰ ਰਿਹਾ ਹੁੰਦਾ ਹੈ, ਬੱਚਿਆਂ ਨੂੰ ਉਸ ਵਿਚ ਬਹੁਤ ਰੁਚੀ ਹੁੰਦੀ ਹੈ। ਉਦਾਹਰਣ ਦੇ ਤੌਰ ਤੇ, ਜਦੋਂ ਰਾਸ਼ਟਰਪਤੀ ਦੀ ਚੋਣ ਹੋਣੀ ਹੋਵੇ, ਉਸ ਸਮੇਂ ਵਿਦਿਆਰਥੀਆਂ ਨੂੰ ਇਸ ਸੰਬੰਧੀ ਦੱਸਿਆ ਜਾਵੇ। ਇਸ ਤਰ੍ਹਾਂ ਭੂਚਾਲ ਬਾਰੇ ਦੱਸਿਆ ਜਾ ਸਕਦਾ ਹੈ। ਚਾਲੂ ਮਾਮਲੇ ਪ੍ਰੇਰਨਾ ਦਾ ਕੰਮ ਕਰਦੇ ਹਨ। ਜਦੋਂ ਦੇਸ਼ ਵਿਚ ਚੋਣਾਂ ਹੋ ਰਹੀਆਂ ਹੋਣ, ਚੋਣਾਂ ਬਾਰੇ ਦੱਸਿਆ ਜਾਣਾ ਚਾਹੀਦਾ ਹੈ।

ਸੋ ਅਧਿਆਪਕ ਚਾਲੂ ਮਾਮਲਿਆਂ ਨੂੰ ਇਕ ਵਿਸ਼ੇ, ਸਾਧਨ, ਵਿਧੀ ਅਤੇ ਪ੍ਰੇਰਨਾ ਦੇ ਰੂਪ ਵਿਚ ਵਰਤ ਸਕਦਾ ਹੈ। ਚਾਲੂ ਮਾਮਲਿਆਂ ਦਾ ਸਮਾਜਿਕ ਸਿੱਖਿਆ ਵਿਚ ਮਹੱਤਵਪੂਰਨ ਸਥਾਨ ਹੈ। ਚਾਲੂ ਮਾਮਲਿਆਂ ਦੇ ਗਿਆਨ ਰਾਹੀਂ ਬੱਚਿਆਂ ਨੂੰ ਭੂਤਕਾਲ ਨੂੰ ਸਮਝਣ ਅਤੇ ਭਵਿੱਖ ਲਈ ਤਿਆਰ ਕਰਨਾ ਹੁੰਦਾ ਹੈ। ਸਮਾਜਿਕ ਅਧਿਐਨ ਵਿਸ਼ੇ ਦੇ ਅਧਿਆਪਕ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਵਰਤਮਾਨ ਘਟਨਾਵਾਂ ਭਵਿੱਖ ਦੀਆਂ ਸਮੱਸਿਆਵਾਂ ਦਾ ਆਧਾਰ ਹਨ। ਅੱਜ ਦਾ ਵਿਦਿਆਰਥੀ ਦੇਸ਼ ਦੀ ਰਾਜਸੀ ਅਤੇ ਆਰਥਿਕ, ਸਮਾਜਿਕ ਮਾਮਲਿਆਂ ਵਿਚ ਬਹੁਤ ਰੁਚੀ ਰੱਖਦਾ ਹੈ। ਜੇਕਰ ਸਮਾਜਿਕ ਅਧਿਐਨ ਦਾ ਅਧਿਆਪਕ ਇਨ੍ਹਾਂ ਵਿਦਿਆਰਥੀਆਂ ਦੀ ਠੀਕ ਅਗਵਾਈ ਨਹੀਂ ਕਰਦਾ, ਸੰਤੁਸ਼ਟ ਨਹੀਂ ਕਰਦਾ ਤਾਂ ਉਹ ਗਲਤ ਅਗਵਾਈ ਹੇਠ ਆ ਕੇ ਸਮਾਜ ਲਈ ਹਾਨੀਕਾਰਕ ਸਿੱਧ ਹੋ ਸਕਦਾ ਹੈ। ਇਸ ਲਈ ਅੱਜ ਦੇ ਨੌਜਵਾਨ ਵਿਦਿਆਰਥੀ ਨੂੰ ਚਾਲੂ ਮਾਮਲਿਆਂ ਬਾਰੇ ਠੀਕ ਅਗਵਾਈ ਨਾ ਦੇਣਾ ਉਸ ਨੂੰ ਸਮਾਜ ਵਿਰੋਧੀ (Anti-Social) ਬਣਾਉਣ ਦੇ ਬਰਾਬਰ ਹੈ। ਇਸ ਲਈ ਅਧਿਆਪਕ ਦੀ ਇਹ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਵਿਦਿਆਰਥੀ ਨੂੰ ਠੀਕ ਅਗਵਾਈ ਦੇਵੇ। ਚਾਲੂ ਮਾਮਲਿਆਂ ਦਾ ਠੀਕ ਗਿਆਨ ਪ੍ਰਦਾਨ ਕਰੇ। ਸਮਾਜਿਕ ਅਧਿਐਨ ਦੇ ਅਧਿਆਪਕ ਦਾ ਕੰਮ ਉਹ ਬੱਚਿਆਂ ਵਿਚ ਚਾਲੂ ਮਾਮਲਿਆਂ ਲਈ ਰੁਚੀ ਪੈਦਾ ਕਰੇ। ਜਦ ਅਧਿਆਪਕ ਜਮਾਤ ਵਿਚ ਚਾਲੂ ਮਾਮਲਿਆਂ ਸੰਬੰਧੀ ਰੌਚਿਕ ਚਰਚਾ ਕਰੇਗਾ ਤਾਂ ਬੱਚੇ ਆਪਣੇ ਆਪ ਇਨ੍ਹਾਂ ਵਿਚ ਰੁਚੀ ਵਿਖਾਉਣਗੇ। ਅਖਬਰਾਂ, ਰੇਡੀਓ ਅਤੇ ਟੈਲੀਵਿਜਨ ਦੀ ਸਹਾਇਤਾ ਰਾਹੀਂ ਨਵੇਂ ਤੋਂ ਨਵੇਂ ਚਾਲੂ ਮਾਮਲਿਆਂ ਬਾਰੇ ਢੁੱਕਵੀਂ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ।

## 2.1.7 ਸਾਰ:

ਵਰਤਮਾਨ ਘਟਨਾਵਾਂ ਉਹ ਘਟਨਾਵਾਂ ਹਨ ਜੋ ਸਮਕਾਲੀ ਸਮੇ ਵਿਚ ਵਾਪਰਦੀਆਂ ਹਨ। ਇਹਨ੍ਹਾਂ ਵਿਚ ਉਹ ਸਮੱਸਿਆਵਾਂ ਸ਼ਾਮਲ ਹਨ ਜੋ ਹੁਣ ਵਿਚਾਰ ਅਧੀਨ ਹਨ, ਜੋ ਕਿ ਭਵਿੱਖ ਵਿਚ ਹਲ ਹੋ ਵੀ ਸਕਦੀਆਂ ਨੇ ਤੇ ਨਹੀ ਵੀ। ਸਮਾਜਿਕ ਅਧਿਐਨ ਪਾਠਕ੍ਰਮ ਵਿਚ ਉਹ ਸਮੱਗਰੀ ਹੁੰਦੀ ਹੈ ਜੋ ਵਿਦਿਆਰਥੀਆਂ ਦੇ ਨਜਦੀਕੀ ਸੰਪਰਕ ਵਿਚ ਨਹੀ

ਹੁੰਦੀ, ਇਸ ਲਈ ਵਰਤਮਾਨ ਘਟਨਾਵਾਂ ਅਧਿਐਨ ਦੇ ਦੌਰਾਨ ਵਧੇਰੇ ਮੁਸਕਲ ਸਮੱਗਰੀ ਤੱਕ ਪਹੁੰਚਣ ਦਾ ਤਰੀਕਾ ਬਣ ਜਾਦੀਆ ਹਨ। ਇਹ ਵਿਦਿਆਰਥੀਆਂ ਲਈ ਬਹੁਤ ਮਹੱਤਵਪੂਰਨ ਹੈ ਜੋ ਸਿਖਿਆ ਦਾ ਉਦੇਸ ਪ੍ਰਾਪਤ ਕੀਤਾ ਜਾ ਸਕੇ ਭਾਵ ਜਮਹੂਰੀ ਨਾਗਰਿਕ ਪੈਦਾ ਕਰਨਾ। ਚਾਲੂ ਮਾਮਲਿਆਂ ਨੂੰ ਪੜਾਉਣ ਦਾ ਉਦੇਸ ਵਿਦਿਆਰਥੀਆਂ ਦੀ ਦਿਲਚਪਸੀ ਨੂੰ ਉਤਸਾਹਿਤ ਕਰਨ ਹੈ ਅਤੇ ਉਨ੍ਹਾਂ ਨੂੰ ਘਟਨਾਵਾਂ ਦੇ ਤੇਜੀ ਨਾਲ ਬਦਲਦੇ ਕੋਰਸ ਬਾਰੇ ਤਾਜਾਂ ਜਾਣਕਾਰੀ ਦੇਣ ਵਿਚ ਮਦਦ ਕਰਦੇ ਹਨ।

**2.1.8 ਮੁੱਖ ਨੁਕਤੇ:** ਚਾਲੂ ਮਾਮਲੇ ਦੀ ਲੋੜ ਅਤੇ ਮਹੱਤਤਾ, ਉਦੇਸ ਅਤੇ ਪੜਾਉਣ ਦਾ ਕਾਰਨ, ਚਾਲੂ ਮਾਮਲਿਆ ਨੂੰ ਚੁਣਨ ਦਾ ਮਾਪਦੰਡ, ਚਾਲੂ ਮਾਮਲੇ ਪੜਾਉਣ ਦੇ ਢੰਗ ਅਤੇ ਵਿਧੀਆ।

### 2.1.9 ਸਵੈ ਜਾਂਚ ਅਭਿਆਸ

1. ..........ਕਿਤਾਸ ਬਰੂਸ ਵੇਸਲੇ ਦੁਆਰਾ ਲਿਖੀ ਗਈ ਹੈ।
2. ਚਾਲੂ ਮਾਮਲੇ ਪੜਾਉਣ ਦਾ ਉਦੇਸ ਕੁਝ ਖਾਸ.........ਅਤੇ.........ਦੇ ਵਿਕਾਸ ਨੂੰ ਉਤਸਾਹਿਤ ਕਰਨਾ ਹੈ।

**ਉਤਰ:** 1. ਟੀਚਿੰਗ ਸੋਸਲ ਸਟੱਡੀਜ
2. ਇਛਾਵਾਂ ਦੇ ਹੁਨਰਾਂ ਅਤੇ ਯੋਗਤਾਵਾਂ ਇੰਨ ਐਲੀਮੈਟਰੀ ਸਕੂਲ

### 2.1.10 ਪ੍ਰਸ਼ਨ

1. ਚਾਲੂ ਮਾਮਲਿਆਂ ਤੋਂ ਤੁਹਾਡਾ ਕੀ ਭਾਵ ਹੈ ? ਸਮਾਜਿਕ ਅਧਿਐਨ ਵਿਸ਼ੇ ਵਿਚ ਇਨ੍ਹਾਂ ਦਾ ਕੀ ਮਹੱਤਵ ਹੈ ?
2. ਚਾਲੂ ਮਾਮਲੇ ਪੜ੍ਹਾਉਣ ਲਈ ਕਿਹੜੀਆਂ ਕਿਹੜੀਆਂ ਤਕਨੀਕਾਂ ਵਰਤੀਆਂ ਜਾ ਸਕਦੀਆਂ ਹਨ ? ਚਾਲੂ ਮਾਮਲੇ ਪੜ੍ਹਾਉਣ ਵਿਚ ਅਧਿਆਪਕ ਦਾ ਕੀ ਰੋਲ ਹੈ ?
3. ਚਾਲੂ ਮਾਮਲਿਆਂ ਦੀ ਚੋਣ ਕਰਕੇ ਸਮੇਂ ਤੁਸੀਂ ਕਿਹੜੇ ਨਿਯਮਾਂ ਦੀ ਵਰਤੋਂ ਕਰੋਗੇ ?
4. ਸਮਾਜਿਕ ਸਿਖਿਆ ਦੇ ਖੇਤਰ ਨਾਲ ਸੰਬੰਧਿਤ ਤਾਜ਼ਾ ਵਾਪਰੀਆਂ ਘਟਨਾਵਾਂ ਦੀ ਇਕ ਸੂਚੀ ਬਣਾਉ ਜਿਸ ਵਿੱਚ ਘੱਟੋ-ਘੱਟ 20 ਅਜਿਹੀਆਂ ਘਟਨਾਵਾਂ ਦਾ ਵਰਨਣ ਕਰੋ ?

### 2.1.11 ਸੁਝਾਈਆਂ ਪੁਸਤਕਾਂ :


1. ਸੰਧੂ ਪੀ.ਕੇ. (2003) : ਸਮਾਜਿਕ ਅਧਿਐਨ ਦਾ ਅਧਿਆਪਨ (ਪੰਜਾਬੀ)
2. ਮਨਜੀਤ ਕੌਰ (2004) ਗੁਰਮੀਤ ਸਿੰਘ : ਸਮਾਜਿਕ ਅਧਿਐਨ ਦਾ ਅਧਿਆਪਨ (ਅੰਗ੍ਰੇਜ਼ੀ)
3. ਅਗਰਵਾਲ ਜੇ.ਸੀ. : ਸਮਾਜਿਕ ਅਧਿਐਨ ਦਾ ਅਧਿਆਪਨ (ਅੰਗ੍ਰੇਜ਼ੀ)
4. ਕੋਛੜ, ਐਮ.ਕੇ. : ਸਮਾਜਿਕ ਅਧਿਐਨ ਦਾ ਅਧਿਆਪਨ (ਅੰਗ੍ਰੇਜ਼ੀ)

**ਪਾਠ – 2.2**

**ਲੇਖਿਕਾ: ਡਾ: ਤਸਨੀਮ ਖਾਨ**

# ਸਮਾਜਿਕ ਸਿਖਿਆ 'ਚ ਮੁਲਾਂਕਣ
# (Evaluation in Social Studies)

ਪਾਠ ਦੀ ਬਣਤਰ

2.2.1 ਉਦੇਸ਼ (Aims)
2.2.2 ਮੁਲਾਂਕਣ ਦੇ ਅਰਥ
2.2.3 ਮੁਲਾਂਕਣ ਦੀ ਜ਼ਰੂਰਤ
2.2.4 ਮੁਲਾਂਕਣ ਦੀ ਮਹੱਤਤਾ
2.2.5 ਮੁਲਾਂਕਣ ਵਿਧੀਆਂ ਪਰਿਪੱਕ ਅਧਿਆਪਨ
2.2.6 ਸਾਰ
2.2.7 ਮੁੱਖ ਨੁਕਤੇ
2.2.8 ਸਵੈ ਮੁਲਾਂਕਣ ਅਭਿਆਸ
2.2.9 ਸੁਝਾਏ ਗਏ ਪ੍ਰਸਨ (Suggested Questions)
2.2.10 ਸੁਝਾਈਆਂ ਪੁਸਤਕਾਂ (Suggested Books)

## 2.2.1 ਉਦੇਸ਼ (Aims)

ਇਸ ਅਧਿਆਇ ਤੋਂ ਬਾਅਦ ਵਿਦਿਆਰਥੀਆਂ ਨੂੰ ਹੇਠ ਲਿਖੀ ਜਾਣਕਾਰੀ ਹੋਵੇਗੀ:

1. ਸਮਾਜਿਕ ਸਿਖਿਆਂ ਵਿਚ ਮੁਲਾਂਕਣ ਦੇ ਅਰਥ ਜਾਣ ਸਕਣਗੇ।
2. ਮੁਲਾਂਕਣ ਦੀ ਜਰੂਰਤ ਤੇ ਮਹੱਤਤਾ ਨੂੰ ਜਾਣ ਸਕਣਗੇ।
3. ਮੁਲਾਂਕਣ ਦੀਆਂ ਵੱਖ ਵੱਖ ਵਿਧੀਆਂ ਤੋਂ ਜਾਣੂ ਹੋ ਸਕਣਗੇ।

ਸਮਾਜਿਕ ਸਿੱਖਿਆ ਦੇ ਅਧਿਆਪਨ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ, ਵੱਖ-ਵੱਖ ਢੰਗ ਅਤੇ ਤਰੀਕੇ, ਵੱਖ-ਵੱਖ ਸਿੱਖਣ ਸਹਾਇਕ ਸਮੱਗਰੀ, ਪਾਠ-ਪੁਸਤਕਾਂ ਆਦਿ ਦਾ ਪ੍ਰਯੋਗ ਕੀਤਾ ਜਾਂਦਾ ਹੈ। ਕੀ ਇਹ ਚੰਗੇ ਅਤੇ ਵਿਧੀਆਂ ਸਿੱਖਣ ਵਿਚ ਸਹਾਇਕ ਹਨ? ਇਹਨਾਂ ਸਭ ਵਿਧੀਆਂ ਨੂੰ ਮੁਲਾਂਕਣ ਦੇ ਦੁਆਰਾ ਪਰਖ ਸਕਦੇ ਹਾਂ।

ਮੁਲਾਂਕਣ ਦਾ ਸੰਬੰਧ ਸਿਰਫ ਸਿੱਖਣ ਦੇ ਨਤੀਜਿਆ ਨੂੰ ਨਿਰਧਾਰਿਤ ਕਰਨਾ ਹੀ ਨਹੀਂ ਬਲਕਿ ਇਸ ਵਿਚ ਉਹਨਾਂ ਨਤੀਜਿਆਂ ਦੀ ਪੜਚੋਲ ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ। ਇਹ ਇਕ ਲਗਾਤਾਰ ਚੱਲਣ ਵਾਲੀ ਪ੍ਰਤੀਕਿਰਿਆ ਹੈ ਜਿਸ ਵਿਚ ਬਹੁਤ ਸਾਰੀਆਂ ਵਿਧੀਆਂ ਨੂੰ ਅਜਮਾਇਆ ਜਾਂਦਾ ਹੈ ਅਤੇ ਉਹਨਾਂ ਦੇ ਅਨੁਮਾਨ ਨੂੰ ਉਪਯੋਗ ਵਿਚ ਲਿਆਂਦਾ ਜਾਂਦਾ ਹੈ।

"ਮੁਲਾਂਕਣ ਇਕ ਸਹਿਕਾਰੀ ਪ੍ਰਕਿਰਿਆ ਹੈ ਜਿਸ ਵਿਚ ਮੁੱਖ ਅਧਿਆਪਕ, ਅਧਿਆਪਕ, ਸਿੱਖਿਆਰਥੀ ਅਤੇ ਸਿੱਖਿਆਰਥੀ ਦੇ ਮਾਤਾ-ਪਿਤਾ ਸ਼ਾਮਲ ਹਨ।"

## 2.2.2 ਮੁਲਾਂਕਣ ਦੇ ਅਰਥ

ਮੁਲਾਂਕਣ ਦਾ ਅਰਥ ਹੈ ਕੰਮ ਦੀ ਵਿਸ਼ੇਸ਼ਤਾ ਕਰਨਾ ਅਤੇ ਕਿਸੇ ਦਾ ਮੁੱਲ ਪਾਉਣਾ। ਇਹ ਇਕ ਪਰੀਖਣ ਕਰਨਾ ਹੈ ਅਤੇ ਕੀ ਹੋ ਰਿਹਾ ਹੈ ਉਸ ਦਾ ਨਿਰਧਾਰਨ ਕਰਨਾ ਹੈ ਤਾਂ ਜੋ ਸਥਿਤੀ ਦੇ ਅਸਲ ਤੱਥਾਂ ਬਾਰੇ ਪਤਾ

ਲਗਾਇਆ ਜਾ ਸਕੇ ਅਤੇ ਜਿੱਥੇ ਜਰੂਰਤ ਹੋਵੇ ਉਥੇ ਸੋਧ ਕੀਤੀ ਜਾ ਸਕੇ। ਇਹ ਨਤੀਜੇ ਤੱਕ ਪਹੁੰਚਣ ਦਾ ਪ੍ਰਤਿਕਿਰਿਆ ਹੈ ਜੋ ਸੰਪੂਰਨ ਸਿੱਖਿਆ ਪ੍ਰਣਾਲੀ ਦਾ ਭਾਗ ਹੈ ਅਤੇ ਸਿੱਖਿਆ ਦੇ ਉਦੇਸ਼ਾ ਨਾਲ ਸੰਬੰਧਿਤ ਹੈ। ਇਸ ਦੇ ਦੁਆਰਾ ਕੇਵਲ ਸਿੱਖਣ ਦੁਆਰਾ ਪ੍ਰਾਪਤ ਉਪਲੱਬਧੀਆਂ ਦੇ ਵਿਸ਼ੇ ਨੂੰ ਮਾਪਣਾ ਹੀ ਨਹੀਂ ਹੁੰਦਾ ਸਗੋਂ ਸਿੱਖਿਆ ਦੇ ਖੇਤਰ ਵਿਚ ਸੁਧਾਰ ਕਰਨ ਵਿੱਚ ਵੀ ਸਹਾਇਤਾ ਮਿਲਦੀ ਹੈ।

ਮੁਲਾਂਕਣ ਦਾ ਅਰਥ ਸਪੱਸ਼ਟ ਕਰਨ ਦੇ ਲਈ ਵਿਭਿੰਨ ਸਿੱਖਿਆ ਸ਼ਾਸਤਰੀਆਂ ਨੇ ਆਪਣੀਆਂ-ਆਪਣੀਆਂ ਪਰਿਭਾਸ਼ਾਵਾਂ ਦਿੱਤੀਆਂ ਉਹਨਾਂ 'ਚ ਕੁਝ ਦਾ ਵਰਣਨ ਨਿਮਨਲਿਖਤ ਹੈ:-

ਕਾਰਟਰ ਗੁਡ (Carter Good) ਦੇ ਅਨੁਸਾਰ "ਮੁਲਾਂਕਣ ਮੁਲੱਾਂ ਨੂੰ ਜਾਚਣ ਦੀ ਇਕ ਪ੍ਰਕਿਰਿਆ ਹੈ ਜਿਸਨੂੰ ਪ੍ਰਸੰਸਾ ਦੇ ਸਤਰ ਦੇ ਪ੍ਰਯੋਗ ਦੁਆਰਾ ਜਾਂਦਿਆਂ ਜਾ ਸਕਦਾ ਹੈ।"

(Evaluation is a process of ascertaining or Judging the value or amount of something by use a standard of appraisal)

ਸਟਾਫਲਬੀਮ (Stufflebeam) ਦੇ ਅਨੁਸਾਰ, "ਮੁਲਾਂਕਣ ਸੂਚਨਾ, ਨਿਰਣਾ ਲੈਣ ਦੀ ਦ੍ਰਿੜਤਾ ਅਤੇ ਉਹਨਾਂ ਨੂੰ ਪ੍ਰਾਪਤ ਕਰਨ ਦੀ ਪ੍ਰਕਿਰਿਆ ਹੈ।"

(Evaluation is a process of delineating obtaining and providing useful information for judging decision of alternatives)

ਕਲਾਰ ਅਤੇ ਸਟਾਰ (Clar and Star) ਦੇ ਅਨੁਸਾਰ, "ਮੁਲਾਂਕਣ ਉਹ ਨਿਰਣਾ ਜਾ ਵਿਸ਼ਲੇਸ਼ਨ ਸੂਚਨਾਵਾਂ ਤੇ ਅਧਾਰਿਤ ਹੈ।"

(Evaluation is the Judgment or Interpretation that one darns from the information at hand about or pupil's work)


ਜਾਨ ਯੂ. ਮਿਚਲੀਜ਼ ਦੇ ਅਨੁਸਾਰ, "ਮੁਲਾਂਕਣ ਇਕ ਅਜਿਹੀ ਵਿਧੀ ਹੈ ਜੋ ਇਹ ਦਰਸਾਉਂਦੀ ਹੈ ਕਿ ਉਦੇਸ਼ਾ ਦੀ ਪੂਰਤੀ ਕਿੱਥੇ ਤੱਕ ਹੋ ਰਹੀ ਹੈ। ਇਹ ਅਧਿਐਨ ਦੇ ਨਤੀਜਿਆਂ ਨੂੰ ਜਾਣਨ ਸੰਬੰਧੀ ਅਧਿਆਪਕ, ਵਿਦਿਆਰਥੀ ਅਤੇ ਮੁੱਖ ਅਧਿਆਪਕ ਅਤੇ ਵਿਦਿਆਲਯ ਦੇ ਹੋਰ ਕਰਮਚਾਰੀਆਂ ਦੀ ਸਮੂਹਿਕ ਕਾਰਵਾਈ ਹੈ।"

(Evaluation is the process of determining the extent to which objective have been achieved. It includes all the procedures used by the teacher children principal and other school personnel to appraise all comes of instruction.)

ਮੁਲਾਂਕਣ ਇਹ ਨਿਰਧਾਰਨ ਕਰਨ ਦੀ ਪ੍ਰਕਿਰਿਆ ਹੈ ਕਿ ਕਿਹੜੇ ਉਦੇਸ਼ ਨੂੰ ਪ੍ਰਾਪਤ ਕੀਤਾ ਜਾ ਚੁੱਕਾ ਹੈ। ਮੁਲਾਂਕਣ ਦੇ ਤਿੰਨ ਮੂਲ-ਆਧਾਰ ਹਨ:-

(i) ਸਿੱਖਿਆ ਦੇ ਉਦੇਸ਼।
(ii) ਸਿੱਖਣ ਦੇ ਅਨੁਭਵ ਅਤੇ ਵਿਵਹਾਰ ਪਰਿਵਰਤਨ।
(iii) ਮੁਲਾਂਕਣ ਦੇ ਢੰਗ ਅਤੇ ਵਿਧੀਆਂ।

ਇਸ ਨੂੰ ਹੇਠ ਲਿਖੇ ਚਿੱਤਰ ਦੁਆਰਾ ਦਰਸਾਇਆ ਜਾ ਸਕਦਾ ਹੈ:-




ਉਦੇਸ਼ ਸਿੱਖਣ ਦੇ ਅਨੁਭਵ ਅਤੇ ਮੁਲਾਂਕਣ ਦੀਆਂ ਵਿਧੀਆਂ ਦੇ ਵਿਚਲਾ ਭਾਗ ਹੈ। ਮੁਲਾਂਕਣ ਯੋਜਨਾ ਕਰਨ ਦੇ ਪਹਿਲੇ ਪੱਧਰ ਤੇ ਆਉਂਦਾ ਹੈ ਜਦੋਂ ਉਦੇਸ਼ਾਂ ਨੂੰ ਨਿਰਧਾਰਿਤ ਕੀਤਾ ਜਾਂਦਾ ਹੈ, ਇਸ ਲਈ ਮੁਲਾਂਕਣ ਇਕ ਨਿਰੰਤਰ ਚੱਲਣ ਵਾਲੀ ਪ੍ਰਤਿਕ੍ਰਿਆ ਹੈ, ਜਿਸਦਾ ਸੰਬੰਧ ਸਿੱਖਣ ਦੀਆਂ ਪਰਿਸਥਿਤੀਆਂ ਨਾਲ ਹੈ।

**2.2.3 ਮੁਲਾਂਕਣ ਦੀ ਜਰੂਰਤ ਅਤੇ ਉਦੇਸ਼ ਇਹ ਇਕ ਗਿਣਾਤਮਕ ਅਵਧੀ ਹੈ ਜੋ ਹੇਠ ਲਿਖੇ ਉਦੇਸ਼ਾਂ ਦਾ ਵਿਖਿਆਣ ਕਰਦੀ ਹੈ:–**

(i) ਮੁਲਾਂਕਣ ਸਿਖਿਆਰਥੀ ਦੀਆਂ ਜ਼ਰੂਰਤਾਂ ਅਤੇ ਸੰਭਾਵਨਾਵਾਂ ਨੂੰ ਪ੍ਰਗਟ ਕਰਦੀ ਹੈ।
(ii) ਮੁਲਾਂਕਣ ਸਿਖਿਆਰਥੀ ਦੇ ਵਿਵਹਾਰ ਵਿਚ ਆਉਣ ਵਾਲੇ ਪਰਿਵਰਤਨ ਨੂੰ ਪ੍ਰੋਤਸਾਹਿਤ ਕਰਦਾ ਹੈ।
(iii) ਮੁਲਾਂਕਣ ਸਿੱਖਿਆ ਦੇ ਅਲਲ ਉਦੇਸ਼ਾ ਨੂੰ ਪ੍ਰਗਟ ਕਰਦਾ ਹੈ ਤਾਂ ਜੋ ਪ੍ਰਾਪਤੀ ਤੱਕ ਪਹੁੰਚਿਆ ਜਾ ਸਕੇ।
(iv) ਮੁਲਾਂਕਣ ਸਿਖਿਆਰਥੀ–ਅਧਿਆਪਕ ਯੋਜਨਾ ਵਿਚ ਸਹਾਇਕ ਹੈ।
(v) ਮੁਲਾਂਕਣ ਵਿਦਿਆ ਦਾਨ ਪ੍ਰੋਗਰਾਮ ਦੇ ਉਦੇਸ਼ਾ ਨੂੰ ਮਾਪਣ ਵਿਚ ਸਹਾਇਕ ਹੁੰਦਾ ਹੈ।
(vi) ਮੁਲਾਂਕਣ ਦੁਆਰਾ ਇਹ ਗਿਆਤ ਹੁੰਦਾ ਹੈ ਕਿ ਵਿਦਿਆਰਥੀ ਦਾ ਵਿਵਹਾਰ ਕਿਸ ਸਤਰ ਤੱਕ ਪਰਿਵਰਤਿਤ ਹੁੰਦਾ ਹੈ।
(vii) ਮੁਲਾਂਕਣ ਅਧਿਆਪਕ ਦੀ ਸਮਰੱਥਾ ਨੂੰ ਪ੍ਰੋਤਸਾਹਿਤ ਕਰਦਾ ਹੈ।
(viii) ਮੁਲਾਂਕਣ ਨਿਗਰਾਨ ਦੀ ਸਮਰੱਥਾ ਨੂੰ ਪ੍ਰੋਤਸਾਹਿਤ ਕਰਦਾ ਹੈ।

**2.2.4 ਮੁਲਾਂਕਣ ਦੀ ਮਹੱਤਤਾ:**

ਸਿੱਖਿਆ ਦਾ ਪ੍ਰਮੁੱਖ ਉਦੇਸ਼ "ਵਿਅਕਤੀ ਦਾ ਸਰਬ ਪੱਖੀ ਵਿਕਾਸ" ਨੂੰ ਸਿਰਫ ਮੁਲਾਂਕਣ ਦੁਆਰਾ ਪ੍ਰਾਪਤ ਕੀਤਾ ਜਾ ਸਕਦੀ ਹੈ।

**1. ਮੁਲਾਂਕਣ ਦੁਆਰਾ ਅਧਿਆਪਨ ਵਿੱਚ ਸੁਧਾਰ:**

ਸਮਾਜਿਕ ਸਿੱਖਿਆ ਦੇ ਅਧਿਆਪਨ ਵਿਚ ਅਨੇਕਾਂ ਵਿਧੀਆਂ ਅਤੇ ਤਕਨੀਕਾਂ, ਪਾਠ–ਪੁਸਤਕਾਂ ਅਤੇ ਸਹਾਇਕ ਸਮੱਗਰੀ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਇਸ ਦਾ ਪ੍ਰਭਾਵ ਦੇਖਣ ਲਈ ਮੁਲਾਂਕਣ ਕੀਤਾ ਜਾਂਦਾ ਹੈ।

**2. ਉਦੇਸ਼ਾਂ ਦੀ ਸਪੱਸ਼ਟਤਾ ਵਿਚ ਸਹਾਇਕ (Evaluation helps in clarifying objectives):**

ਅਧਿਆਪਨ ਦੇ ਅਨੇਕ ਉਦੇਸ਼ ਹੁੰਦੇ ਹਨ। ਮੁਲਾਂਕਣ ਦੁਆਰਾ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹਨਾਂ ਉਦੇਸ਼ਾ ਦੀ ਪ੍ਰਾਪਤੀ ਕਿੱਥੇ ਤੱਕ ਹੋ ਰਹੀ ਹੈ ਅਤੇ ਉਦੇਸ਼ਾ ਦੀ ਪੂਰਤੀ ਨਾ ਹੋਣ ਦੇ ਕਾਰਨ ਵੀ ਪਤਾ ਲੱਗ ਜਾਂਦੇ ਹਨ।

**3. ਅਗਵਾਈ ਸੰਬੰਧੀ ਆਧਾਰ (It provides basis for guidance):**

ਮੁਲਾਂਕਣ ਦੇ ਉਪਰੰਤ ਇਹ ਗਿਆਤ ਹੋ ਜਾਂਦਾ ਹੈ ਕਿ ਵਿਦਿਆਰਥੀਆਂ ਨੂੰ ਕਿਸ ਪ੍ਰਕਾਰ ਦੀ ਅਗਵਾਈ ਦੀ ਜਰੂਰਤ ਹੈ। ਮੁਲਾਂਕਣ ਦੁਆਰਾ ਵਿਦਿਆਰਥੀਆਂ ਦੀਆਂ ਕਮੀਆਂ ਅਤੇ ਗੁਣਾਂ ਦਾ ਸੋਧ ਹੋ ਜਾਂਦਾ ਹੈ। ਇਸ ਪ੍ਰਕਾਰ ਪੜ੍ਹਾਈ ਵਿਚ ਕਮਜ਼ੋਰ ਅਤੇ ਬੁੱਧੀਮਾਨ ਵਿਦਿਆਰਥੀਆਂ ਨੂੰ ਵਿਭਿੰਨ ਪ੍ਰਕਾਰ ਦੀ ਅਗਵਾਈ ਦਿੱਤੀ ਜਾ ਸਕੇ। ਇਸ ਲਈ ਅਗਵਾਈ ਮੁਲਾਂਕਣ ਦੇ ਆਧਾਰ ਤੇ ਕੀਤੀ ਜਾਂਦੀ ਹੈ।

**4. ਵਿਦਿਆਰਥੀ ਦੀ ਸਿੱਖਿਆ ਵਿਚ ਪ੍ਰਗਤੀ ਜਾਨਣ ਵਿਚ ਸਹਾਇਕ (Judges the progress of the pupils in the field of education):**

ਸਿੱਖਿਆ ਦਾ ਪ੍ਰਮੁੱਖ ਉਦੇਸ਼ ਵਿਅਕਤੀ ਦਾ ਸਰਵ-ਪੱਖੀ ਵਿਕਾਸ ਕਰਨਾ ਹੈ। ਇਸ ਉਦੇਸ਼ ਦੀ ਪ੍ਰਾਪਤੀ ਮੁਲਾਂਕਣ ਦੁਆਰਾ ਕੀਤੀ ਜਾ ਸਕਦੀ ਹੈ। ਸਿੱਖਿਆ ਵਿਸ਼ੇ ਦੇ ਉਦੇਸ਼ਾ ਤੇ ਅਧਾਰਿਤ ਹੋ ਜਿਸ ਨੂੰ ਵਿਸ਼ੇ ਦੇ ਮਾਹਰ ਦੁਆਰਾ ਨਿਰਧਾਰਿਤ ਕੀਤਾ ਜਾ ਸਕਦਾ ਹੈ। ਇਹ ਅਧਿਆਪਕ ਦੀ ਸਮਰੱਥਾ ਨੂੰ ਪ੍ਰੋਤਸਾਹਿਤ ਕਰਦਾ ਹੈ।

**2.2.5. ਮੁਲਾਂਕਣ ਵਿਧੀਆਂ ਪਰਿਪੱਕ ਅਧਿਆਪਨ:**

ਸਿੱਖਣ ਦੀ ਸਥਿਤੀ ਨੂੰ ਸਥਾਪਿਤ ਕਰਨ ਲਈ ਜਰੂਰੀ ਹੈ, ਮਜਬੂਤ ਉਦੇਸ਼, ਮਜਬੂਤ ਜਾਣਕਾਰੀ, ਮੁਲਾਂਕਣ ਦੀਆਂ ਵਿਧੀਆਂ ਦੁਆਰਾ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਜੇਕਰ ਪਾਠਕ੍ਰਮ ਸਿੱਖਿਆ ਉਦੇਸ਼ਾ ਦੀ ਪੂਰਤੀ ਨਹੀਂ ਕਰਦਾ ਤਾਂ ਇਸ ਵਿਚ ਮੁਲਾਂਕਣ ਵਿਧੀਆਂ ਦੁਆਰਾ ਸੁਧਾਰ ਕੀਤਾ ਜਾ ਸਕਦਾ ਹੈ।

ਸਮਾਜਿਕ ਸਿੱਖਿਆ ਵਿਚ ਮੁਲਾਂਕਣ ਕਰਨ ਦੇ ਢੰਗ

1. ਨਿਬੰਧਾਤਮਕ ਉੱਤਰਾਂ ਵਾਲੇ ਪ੍ਰਸ਼ਨ (Essay type test)

2. ਛੋਟੇ ਉੱਤਰਾਂ ਵਾਲੇ ਟੈਸਟ (Short answer type test)

3. ਵਸਤੂਨਿਸ਼ਠ ਟੈਸਟ (Objective type test)

**1. ਨਿਬੰਧਾਤਮਕ ਟੈਸਟ (Essay type test):**

ਇਸ ਪ੍ਰਕਾਰ ਦੇ ਢੰਗ ਵਿਚ ਵਿਦਿਆਰਥੀ ਦੇ ਲਿਖਣ ਦੇ ਹਾਵ-ਭਾਵ ਦਾ ਨਿਰੀਖਣ ਕੀਤਾ ਜਾ ਸਕਦਾ ਹੈ। ਉੱਤਰ ਦੇਣ ਦੇ ਢੰਗ ਤੋਂ ਵਿਦਿਆਰਥੀ ਦੀ ਡਾਟਾ ਦੀ ਵਿਆਖਿਆ ਕਰਨ ਦੀ ਕਾਬਲੀਅਤ, ਸਿਧਾਂਤਾ ਨੂੰ ਲਾਗੂ ਕਰਨ ਦੀ ਸਮਰੱਥਾ, ਘਟਨਾ ਨੂੰ ਵਿਕਅਤ ਕਰਨਾ, ਅਲੌਕਿਕ ਅਤੇ ਅਲੌਚਨਾਤਮਕ ਸਮਰੱਥਾ ਬਾਰੇ ਪਤਾ ਚਲਦਾ ਹੈ। ਵੱਡੇ ਉੱਤਰਾਂ ਵਾਲੇ ਪ੍ਰਸ਼ਨਾਂ ਵਿਚ ਉੱਤਰ ਨੂੰ ਇਕ ਵਾਕ ਵਿਚ ਜਾਂ ਪੈਰਾਗ੍ਰਾਫ ਵਿਚ ਲਿਖਿਆ ਜਾਂਦਾ ਹੈ ਜੋ ਪ੍ਰਸ਼ਨ ਦੇ ਉਦੇਸ਼ ਨੂੰ ਪੂਰਾ ਕੀਤਾ ਜਾ ਸਕੇ ਅਤੇ ਇਸ ਦੇ ਆਧਾਰ ਤੇ ਹੀ ਇਹ ਨੰਬਰ ਦਿੱਤੇ ਜਾਂਦੇ ਹਨ। ਉਦਾਹਰਨ:-

(i) ਭਾਰਤ ਵਿਚ ਗਰੀਬੀ ਦੇ ਕਾਰਨਾਂ ਦਾ ਵਰਣਨ ਕਰੋ?

(ii) ਵੱਧਦੀ ਹੋਈ ਜਨਸੰਖਿਆ ਤੇ ਨੋਟ ਲਿਖੋ।

(iii) ਵਿਦਿਆਰਥੀਆਂ ਵਿਚ ਰਾਸ਼ਟਰੀਅਤਾ ਅਤੇ ਅੰਤਰ-ਰਾਸ਼ਟਰੀਅਤਾ ਦੀ ਭਾਵਨਾ ਨੂੰ ਕਿਵੇਂ ਵਧਾਇਆ ਜਾ ਸਕਦਾ ਹੈ।

* **ਨਿਬੰਧਾਤਮਕ ਉੱਤਰ ਵਾਲੇ ਪ੍ਰਸ਼ਨ ਦੇ ਗੁਣ (Merits of essay type test):**

(i) ਨਿਬੰਧਾਤਮਕ ਪਰੀਖਿਆ ਵਿਚ ਵਿਦਿਆਰਥੀ ਨੂੰ ਆਪਣੀ ਸਮਰੱਥਾ ਸ਼ਕਤੀ ਦਾ ਪੂਰਨ ਰੂਪ ਵਿਚ ਪ੍ਰਯੋਗ ਕਰਨ ਦਾ ਮੌਕਾ ਮਿਲਦਾ ਹੈ।

(ii) ਤਰਕਸ਼ੀਲ ਸੋਚ ਅਤੇ ਅਲੋਚਨਾਤਮਕ ਦਲੀਲ, ਕ੍ਰਮਵਾਰ ਸਥਾਪਨਾ ਆਦਿ ਨਿਬੰਧਾਤਮਕ ਉੱਤਰਾਂ ਵਾਲੇ ਪ੍ਰਸ਼ਨਾਂ ਦੁਆਰਾ ਹੀ ਵਿਕਸਿਤ ਕੀਤੀ ਜਾ ਸਕਦੀ ਹੈ।

(iii) ਇਸ ਪਰੀਖਿਆ ਦੇ ਪ੍ਰਸ਼ਨ ਪੱਤਰ ਬਣਾਉਣਾ ਸਰਲ ਹੈ।

(iv) ਇਹ ਅਨੁਮਾਨ ਲਗਾਉਣ ਵਾਲੀ ਯੁਕਤੀ ਨੂੰ ਖਤਮ ਕਰਦਾ ਹੈ।

(v) ਵਿਦਿਆਰਥੀ ਦਾ ਉੱਤਰ ਪੂਰਨ ਰੂਪ ਵਿਚ ਸਹੀ ਅਤੇ ਪੂਰਨ ਰੂਪ ਵਿਚ ਗਲਤ ਹੋਵੇ ਇਸ ਦੀ ਕੋਈ ਜਰੂਰਤ ਨਹੀਂ। ਹਰ ਤਰ੍ਹਾਂ ਦੀ ਵਿਸ੍ਰਤਿਤਾ ਅਤੇ ਸ਼ੁੱਧਤਾ ਨੂੰ ਪ੍ਰਵਾਨ ਕੀਤਾ ਜਾਂਦਾ ਹੈ।

(vi) ਇਹ ਵਿਦਿਆਰਥੀ ਵਿੱਚ ਵਧੀਆ ਪੜ੍ਹਨ ਦੀਆਂ ਆਦਤਾਂ ਦਾ ਵਿਕਾਸ ਕਰਦੀ ਹੈ।

* **ਨਿਬੰਧਾਤਮਕ ਉੱਤਰ ਵਾਲੇ ਪ੍ਰਸ਼ਨਾਂ ਦੇ ਔਗੁਣ (Disadvantage of the essay type test):**

(i) ਵੱਡੇ ਉੱਤਰਾਂ ਵਾਲੇ ਪ੍ਰਸ਼ਨਾਂ ਨੂੰ ਵੱਖ-ਵੱਖ ਅਧਿਆਪਕਾਂ ਦੁਆਰਾ ਚੈੱਕ ਕੀਤਾ ਜਾਂਦਾ ਹੈ। ਇਕੋਂ ਉੱਤਰ ਦੇ ਹਰ ਕਿਸੇ ਦੁਆਰਾ ਅਲੱਗ-ਅਲੱਗ ਨੰਬਰ ਦਿੱਤੇ ਜਾਂਦੇ ਹਨ।

(ii) ਪ੍ਰੀਖਿਆ ਵਿਚ ਵੱਡੇ-ਉੱਤਰਾਂ ਵਾਲੇ ਪ੍ਰਸ਼ਨ ਦੁਆਰਾ ਸਾਰੇ ਸਿਲੇਬਸ ਨੂੰ ਪੂਰਨ ਨਹੀਂ ਕੀਤਾ ਜਾ ਸਕਦਾ।

(iii) ਬਹੁਤ ਸਾਰੇ ਵਿਦਿਆਰਥੀ ਸਰੀਰਕ ਤੌਰ ਤੇ ਅਪਾਹਜ ਹੁੰਦੇ ਹਨ ਜਿਸ ਕਰਕੇ ਉਹਨਾਂ ਦੀ ਲਿਖਾਈ ਸਾਫ ਨਹੀਂ ਹੁੰਦੀ, ਉਹ ਅਧਿਆਪਕ ਨੂੰ ਆਪਣੇ ਹਾਵ-ਭਾਵ ਨਹੀਂ ਦਿਖਾ ਸਕਦੇ ਜਿਸ ਕਰਕੇ ਲਿਖਾਈ ਸਾਫ ਨਾ ਹੋਣ ਕਰਕੇ ਉਹਨਾਂ ਨੂੰ ਘੱਟ ਨੰਬਰ ਮਿਲਦੇ ਹਨ।

(iv) ਇਹ ਰੱਟਾ ਕਰਨ ਦੀ ਗਲਤ ਆਦਤ ਦਾ ਵਿਕਾਸ ਕਰਦੇ ਹਨ।

(v) ਇਸ ਪ੍ਰਣਾਲੀ ਦੁਆਰਾ ਵਿਦਿਆਰਥੀ ਦੇ ਗਿਆਨ ਦੇ ਵਿਸ਼ੇ ਵਿੱਚ ਸਹੀ ਅਨੁਮਾਨ ਨਹੀਂ ਲਗਾਇਆ ਜਾ ਸਕਦਾ।

**2. ਛੋਟੇ ਉੱਤਰਾਂ ਵਾਲੇ ਪ੍ਰਸ਼ਨ (Short Answer Type Question):**

ਇਸ ਵਿਚ ਪ੍ਰਸ਼ਨ ਇਸ ਤਰ੍ਹਾਂ ਸੈੱਟ ਕੀਤੇ ਜਾਂਦੇ ਹਨ ਜਿਹਨਾਂ ਦਾ ਉੱਤਰ 50 ਸ਼ਬਦਾਂ ਵਿਚ ਹੁੰਦਾ ਹੈ। ਇਸ ਟੈਸਟ ਦਾ ਪ੍ਰਮੁੱਖ ਉਦੇਸ਼ ਜਿਆਦਾ ਜਾਣਕਾਰੀ ਇੱਕਠੀ ਕਰਨਾ, ਵਿਦਿਆਰਥੀ ਦੇ ਗੁਣਾਂ ਅਤੇ ਉਸਦੀ ਸੋਚਣ ਸ਼ਕਤੀ ਘੱਟ ਸਮਾਂ ਅਵਧੀ ਵਿਚ ਮਾਪਨਾ ਹੈ। ਉਦਾਹਰਣ ਦੇ ਤੌਰ ਤੇ:-

(i) ਉਹਨਾਂ ਦੋ ਤੱਤਾਂ ਦਾ ਵਰਣਨ ਕਰੋ ਜੋ ਵਿਦਿਆਰਥੀ ਦੀ ਅੰਤਰਰਾਸ਼ਟਰੀ ਏਕਤਾ ਦੀ ਭਾਵਨਾ ਵਿਚ ਰੁਕਾਵਟ ਹਨ?

(ii) ਅਜੋਕੀ ਖੇਤੀਬਾੜੀ ਅਤੇ ਪੁਰਾਤਨ ਖੇਤੀਬਾੜੀ ਵਿਚ ਕੋਈ ਦੋ ਅੰਤਰ ਦੱਸੋ?

* **ਗੁਣ (Merits):**

ਇਸ ਢੰਗ ਦੇ ਗੁਣ ਬਾਕੀ ਸਭ ਢੰਗਾਂ ਨਾਲੋਂ ਅਧਿਕ ਹਨ:-

(i) ਇਹ ਢੰਗ ਨਿਬੰਧਾਤਮਕ ਢੰਗ ਤੋਂ ਜਿਆਦਾ ਵਿਸਤ੍ਰਿਤ ਹੈ ਕਿਉਂਕਿ ਇਹ ਪ੍ਰਸ਼ਨ ਜਿਆਦਾ ਗਿਣਤੀ ਵਿਚ ਹੁੰਦੇ ਹਨ ਜੋ ਪੂਰੇ ਪਾਠਕ੍ਰਮ ਨੂੰ ਪੂਰਾ ਕਰਦੇ ਹਨ।

(ii) ਇਹ ਵਿਦਿਆਰਥੀਆਂ ਨੂੰ ਉਪਯੋਗਿਕ ਜਾਣਕਾਰੀ ਲਿਖਣ ਲਈ ਜੋਰ ਪਾਉਂਦੇ ਹਨ। ਫਾਲਤੂ ਜਾਣਕਾਰੀ ਨੂੰ ਲਿਖਣ ਵਿਚ ਪ੍ਰਤੀਬੰਧ ਲਗਾਉਂਦੇ ਹਨ।

(iii) ਇਹ ਵਿਦਿਆਰਥੀਆਂ ਨੂੰ ਥੋੜਾ ਅਨੁਮਾਨ ਲਗਾ ਕੇ ਲਿਖਣ ਵਿਚ ਵੀ ਮਦਦਗਾਰ ਹਨ।

(iv) ਇਹ ਵਿਦਿਆਰਥੀਆਂ ਦੀ ਮਦਦ ਕਰਦੇ ਹਨ ਕਿ ਕਿਵੇਂ ਜਾਣਕਾਰੀ ਨੂੰ ਥੋੜੇ ਸ਼ਬਦਾਂ ਵਿਚ ਲਿਖਣਾ ਹੈ।

* **ਔਗੁਣ (Demerits):**

(i) ਇਹ ਟੈਸਟ ਨਿਬੰਧਆਤਮਕ ਟੈਸਟਾਂ ਤੋਂ ਜਿਆਦਾ ਸਮਾਂ ਲੈਂਦੇ ਹਨ।

(ii) ਇਸ ਵਿਚ ਵਿਦਿਆਰਥੀਆਂ ਦੀ ਰੁਚੀ ਅਤੇ ਕਲਪਨਈ ਸੋਚ ਵਿਚ ਵਿਘਨ ਪਾਉਂਦੇ ਹਨ।

(iii) ਵਿਦਿਆਰਥੀ ਵਧੀਆ ਢੰਗ ਨਾਲ ਆਪਣੇ ਹਾਵ-ਭਾਵ ਨੂੰ ਛੋਟੇ ਉਤਰਾਂ ਵਾਲੇ ਪ੍ਰਸ਼ਨਾਂ ਵਿਚ ਵਿਅਕਤ ਨਹੀਂ ਕਰ ਪਾਉਂਦੇ।

**3. ਵਸਤੂਨਿਸ਼ਠ ਟੈਸਟ (Objective type test):**

ਵਰਤਮਾਨ ਸਮੇਂ ਦੀ ਪਰੀਖਿਆ ਨਵੀਨ ਢੰਗ ਦੀ ਪਰੀਖਿਆ ਹੈ। ਜਾਂ ਫਿਰ ਇਹ ਕਿਹਾ ਜਾ ਸਕਦਾ ਹੈ ਕਿ ਇਹ ਮੁਲਾਂਕਣ ਕਰਨ ਦਾ ਨਵੀਨ ਢੰਗ ਹੈ। ਜਿਸ ਵਿਚ ਵਿਦਿਆਰਥੀਆਂ ਨੂੰ ਇਕ ਜਾਂ ਦੋਂ ਸ਼ਬਦਾਂ ਵਿਚ ਜਾਂ ਹਾਂ ਜਾਂ ਨਾਂ ਵਿਚ ਜਾਂ ਫਿਰ ਚਿੰਨ੍ਹਾਂ ਤੇ ਨਿਸ਼ਾਨ ਲਗਾ ਕੇ ਉੱਤਰ ਦੇਣਾ ਹੁੰਦਾ ਹੈ। ਵਰਤਮਾਨ ਸਮੇਂ ਵਿਚ ਸਿੱਖਿਆ ਸ਼ਾਸਤਰੀਆਂ ਦੁਆਰਾ ਇਸ ਢੰਗ ਤੇ ਜਿਆਦਾ ਜੋਰ ਦਿੱਤਾ ਜਾ ਰਿਹਾ ਹੈ।

* **ਵਸਤੂਨਿਸ਼ਠ ਟੈਸਟ ਦੇ ਪ੍ਰਕਾਰ:**

ਵਸਤੂਨਿਸ਼ਠ ਟੈਸਟ ਦੇ ਹੇਠ ਲਿਖੇ ਪ੍ਰਕਾਰ ਹਨ:-

**(i) ਸਹੀ ਗਲਤ (True False):**

ਇਸ ਵਿਚ ਕੁਝ ਸਹੀ ਅਤੇ ਕੁਝ ਗਲਤ ਵਾਕ ਦਿੱਤੇ ਜਾਂਦੇ ਹਨ। ਵਿਦਿਆਰਥੀਆਂ ਨੂੰ ਸਹੀ ਗਲਤ ਦਾ ਫੈਸਲਾ ਕਰਨਾ ਹੁੰਦਾ ਹੈ। ਉਦਾਹਰਨ ਦੇ ਤੋਰ ਤੇ:-

(i) ਬੱਚਤ = ਆਮਦਨ = ਉਪਭੋਗ

(ii) ਪਲਾਸੀ ਦੀ ਲੜਾਈ 1957 ਵਿਚ ਹੋਈ।

(iii) ਮਹਾਰਾਜਾ ਰਣਜੀਤ ਸਿੰਘ ਮੁਗਲ ਬਾਦਸ਼ਾਹ ਸੀ।

* **ਗੁਣ (Merits):**

ਇਸ ਢੰਗ ਵਿਚ ਬਾਕੀ ਢੰਗਾਂ ਨਾਲੋਂ ਨੰਬਰ ਜਿਆਦਾ ਆਉਂਦੇ ਹਨ। ਇਸ ਟੈਸਟ ਨੂੰ ਬਣਾਉਣਾ ਸੋਖਾਲਾ ਹੈ ਅਤੇ ਬਣਾਉਣ ਤੇ ਘੱਟ ਸਮਾਂ ਲੱਗਦਾ ਹੈ।

* **ਔਗੁਣ (Demerits):**

ਇਸ ਢੰਗ ਵਿਚ ਅੰਦਾਜਾ ਲੱਗਣ ਦੇ 50-50 ਮੌਕੇ ਹੁੰਦੇ ਹਨ।

**(ii) ਵਾਕ ਪੂਰਤੀ ਟੈਸਟ (The Competition Test):**

ਇਸ ਵਿੱਚ ਵਾਕਾਂ ਨੂੰ ਅਧੂਰਾ ਛੱਡ ਦਿੱਤਾ ਜਾਂਦਾ ਹੈ ਅਤੇ ਵਿਦਿਆਰਥੀਆਂ ਨੂੰ ਉਸਨੂੰ ਪੂਰਾ ਕਰਨ ਲਈ ਕਿਹਾ ਜਾਂਦਾ ਹੈ। ਉਦਾਹਰਨ ਦੇ ਤੋਰ ਤੇ:-

(i) 1991 ਵਿਚ ਭਾਰਤ ਦੀ ਜਨਸੰਖਿਆ ................................

(ii) ਯੂ.ਐਸ.ਏ. ਦੀ ਕਰੰਸੀ .............................................

(iii) ਪੰਜਾਬ ਦਾ ਅਰਥ .....................................................

* **ਗੁਣ (Merits):**

ਵਿਦਿਆਰਥੀਆਂ ਨੂੰ ਤੱਥ ਸਹਿਤ ਜਾਣਕਾਰੀ ਵਿਕਸਿਤ ਕਰਨ ਵਿਚ ਮਦਦਗਾਰ ਸਿੱਧ ਹੈ ਅਤੇ ਮਹੱਤਵਪੂਰਨ ਸ਼ਬਦ ਅਤੇ ਵਾਕ ਯਾਦ ਕਰਨ ਵਿਚ ਸਹਾਇਕ ਹੈ।

* **ਔਗੁਣ (Demerits):**

ਇਹ ਢੰਗ ਵਿਦਿਆਰਥੀ ਦੀ ਸੋਚਣ ਸ਼ਕਤੀ ਨੂੰ ਵਿਕਸਿਤ ਨਹੀਂ ਕਰਦਾ।

**(iii) ਬਹੁ ਵਿਕਲਪ ਢੰਗ (Multiple Choice Test):**

ਇਸ ਢੰਗ ਵਿਚ ਪ੍ਰਸ਼ਨ ਦੇ ਅਨੇਕਾਂ ਉੱਤਰ ਦਿੱਤੇ ਗਏ ਹੁੰਦੇ ਹਨ। ਵਿਦਿਆਰਥੀਆਂ ਨੂੰ ਇਹਨਾਂ ਵਿਚੋਂ ਸਹੀ ਉੱਤਰ ਦਾ ਨਿਰਣਾ ਲੈਣਾ ਹੁੰਦਾ ਹੈ। ਉਦਾਹਰਨ ਦੇ ਤੌਰ ਤੇ:-

1. ਨਿਮਨਲਿਖਤ ਵਿਚੋਂ ਪੰਜਾਬ ਦੀ ਰਾਜਧਾਨੀ ਕਿਹੜੀ ਹੈ?

(ੳ) ਪਟਿਆਲਾ
(ਅ) ਦਿੱਲੀ
(ੲ) ਕੋਲਕੱਤਾ
(ਸ) ਸ਼ਿਮਲਾ
(ਹ) ਚੰਡੀਗੜ੍ਹ

2. ਪ੍ਰਧਾਨ ਮੰਤਰੀ ਦੀ ਨਿਯੁਕਤੀ ਕੌਣ ਕਰਦਾ ਹੈ?
(ੳ) ਰਾਜ ਅਤੇ ਸਧਾਰਨ ਜਨਤਾ
(ਅ) ਸਰਕਾਰੀ ਕਰਮਚਾਰੀ
(ੲ) ਕੇਂਦਰ ਸਰਕਾਰ
(ਸ) ਜਿਸ ਰਾਜਸੀ ਪਾਰਟੀ ਦਾ ਸਦਨ ਵਿਚ ਬਹੁਮਤ ਹੋਵੇ।

**(iv) ਉਚਿਤ ਮਿਲਾਪ ਕਰਨ ਦਾ ਢੰਗ (Matching Test):**

ਇਸ ਪ੍ਰੀਖਿਆ ਦੇ ਦੋ ਭਾਗ ਹੁੰਦੇ ਹਨ ਅਤੇ ਆਹਮਣੇ-ਸਾਹਮਣੇ ਦੋ ਕਾਲਮਾਂ ਵਿਚ ਸ਼ਬਦ ਲਿਖੇ ਹੁੰਦੇ ਹਨ। ਵਿਦਿਆਰਥੀਆਂ ਨੂੰ ਇਕ ਕਾਲਮ ਵਿਚਲੇ ਸ਼ਬਦ ਦਾ ਸੰਬੰਧ ਦੂਜੇ ਕਾਲਮ ਵਿਚਲੇ ਸ਼ਬਦ ਨਾਲ ਕਰਨਾ ਹੁੰਦਾ ਹੈ।

ਹੇਠਾ ਕਾਲਮ ੳ ਵਿਚ ਕੁਝ ਧਰਮ ਦਿੱਤੇ ਹਨ ਅਤੇ ਕਾਲਮ ਅ ਵਿਚ ਉਹਨਾਂ ਦੇ ਮੁਖੀਆਂ ਦਾ ਨਾਮ ਹੈ। ਸਹੀ ਉੱਤਰ ਨੂੰ ਕ੍ਰਮਬੱਧ ਕਰੋ:-

| ੳ | ਅ |
|---|---|
| ਇਸਲਾਮ | ਮਹੁੰਮਦ |
| ਜੈਨ | ਬੁੱਧ |
| ਬੁੱਧ | ਯਸੂਹ ਮਸੀਹ |
| ਇਸਾਈ | ਮਹਾਵੀਰ |

**(v) ਸਧਾਰਨ ਯਾਦਾਸ਼ਤ ਢੰਗ (Simple Recall Type Test):**

ਇਸ ਪ੍ਰੀਖਿਆ ਵਿਚ ਸਰਲ ਪ੍ਰਸ਼ਨ ਪੁੱਛੇ ਜਾਂਦੇ ਹਨ। ਜਿਸਦਾ ਉੱਤਰ ਇਕ ਜਾਂ ਦੋ ਸ਼ਬਦਾਂ ਵਿੱਚ ਦੇਣਾ ਹੁੰਦਾ ਹੈ। ਇਸ ਢੰਗ ਵਿੱਚ ਇਹ ਧਿਆਨ ਰੱਖਿਆ ਜਾਂਦਾ ਹੈ ਕਿ ਹਰੇਕ ਪ੍ਰਸ਼ਨ ਦਾ ਉੱਤਰ ਇਕ ਹੀ ਹੋਵੇ। ਉਦਾਹਰਨਾਂ:

ਇਕ ਸ਼ਬਦ ਵਿਚ ਉੱਤਰ ਦਿਉ:-
(ੳ) ਭਾਰਤ ਦੀ ਸਾਖਰਤਾ ਦਰ ਕੀ ਹੈ?
(ਅ) ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਕਿੰਨੀ ਹੈ?

**(vi) ਵਸਤੂਨਿਸ਼ਠ ਢੰਗ ਦੇ ਗੁਣ (Merits of Objective Type Test):**

(i) ਇਸ ਨੂੰ ਆਸਾਨੀ ਨਾਲ ਚੈੱਕ ਕੀਤਾ ਜਾ ਸਕਦਾ ਹੈ। ਸਕੌਰਿੰਗ ਸਮੇਂ ਦੇ ਅਨੁਸਾਰ ਵੱਖ-ਵੱਖ ਅਧਿਆਪਕਾਂ ਦੁਆਰਾ ਵੱਖ-ਵੱਖ ਢੰਗ ਨਾਲ ਕੀਤੀ ਜਾਂਦੀ ਹੈ।
(ii) ਇਸ ਵਿਚ ਸੰਪੂਰਨ ਪਾਠਕ੍ਰਮ ਨੂੰ ਸੰਮਲਿਤ ਕੀਤਾ ਜਾ ਸਕਦਾ ਹੈ।
(iii) ਵਸਤੂਨਿਸ਼ਠ ਢੰਗ ਨਾਲ ਵਿਦਿਆਰਥੀਆਂ ਦੇ ਵਿਸ਼ਾਗਤ ਗਿਆਨ ਦੀ ਪਰਖ ਹੋ ਜਾਂਦੀ ਹੈ।
(iv) ਇਸ ਢੰਗ ਦੁਆਰਾ ਰੱਟਾ ਲਗਾਉਣ ਦੀ ਪ੍ਰਵਿਰਤੀ ਸਮਾਪਤ ਹੋ ਜਾਂਦੀ ਹੈ।

(v) ਇਸ ਪ੍ਰੀਖਿਆਂ ਵਿਚ ਜੇਕਰ ਅੰਕ ਸਹਿਤ ਉੱਤਰ ਕਾਪੀ ਕਿਸੇ ਹੋਰ ਅਧਿਆਪਕ ਨੂੰ ਦੇ ਦਿੱਤੀ ਜਾਵੇ ਤਾਂ ਉਹ ਵੀ ਪਹਿਲੇ ਜਿੰਨੇ ਨੰਬਰ ਹੀ ਦੇਵੇਗਾ। ਇਸ ਲਈ ਇਸ ਪ੍ਰੀਖਿਆ ਵਿਚ ਅੰਕ ਦਿੰਦੇ ਸਮੇਂ ਕਿਸੇ ਪ੍ਰਕਾਰ ਦਾ ਮੱਤਭੇਦ ਹੋਣ ਦੀ ਸੰਭਾਵਨਾ ਨਹੀਂ।

* **ਔਗੁਣ (Demerits):**

(i) ਪ੍ਰੀਖਿਆ ਲਈ ਪ੍ਰਸ਼ਨ ਬਣਾਉਣਾ ਕਠਿਨ ਹੈ।

(ii) ਇਹ ਢੰਗ ਅਨੁਮਾਨ ਲਗਾਉਣ ਅਤੇ ਨਕਲ ਕਰਨ ਦੀ ਪ੍ਰਵਿਰਤੀ ਨੂੰ ਵਧਾਵਾ ਦਿੰਦਾ ਹੈ।

(iii) ਇਹ ਢੰਗ ਵਿਦਿਆਰਥੀਆਂ ਦੀ ਤਰਕਸ਼ਕਤੀ ਨੂੰ ਨਹੀਂ ਮਾਪ ਸਕਦਾ।

**2.2.6 ਸਾਰ**

ਮੁਲਾਂਕਣ ਇਹ ਜਾਣਨ ਲਈ ਜਰੂਰੀ ਹੁੰਦਾ ਹੈ ਕਿ ਮੌਜੂਦਾ ਵਿਦਿਅਰਥੀਆਂ ਦੀ ਕੀ ਸਥਿਤੀ ਹੈ ਉਨ੍ਹਾਂ ਨੂੰ ਪੜਾਈ ਵਿਚ ਕਿਸੇ ਸਮੱਸਿਆ ਆ ਰਹੀ ਹੈ ਅਤੇ ਉਨ੍ਹਾਂ ਸਮਸਿਆਵਾਂ ਨੂੰ ਹੱਲ ਕਰਨ ਲਈ ਕੀ ਤਰੀਕੇ ਹਨ ਨੁਸਕੇ ਅਪਣਾਏ ਜਾ ਸਕਦੇ ਹਨ। ਮੁਲਾਂਕਣ ਕਰਨ ਲਈ ਵੱਖ ਵੱਖ ਤਰਾਂ ਦੇ ਟੈਸਟਾਂ ਦੀ ਵਰਤੋ ਕੀਤੀ ਜਾਂਦੀ ਹੈ। ਮੁਲਾਂਕਣ ਦਾ ਉਦੇਸ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਮੌਜੂਦ ਸਥਿਤੀ ਵਿਚ ਸੁਧਾਰ ਕਰਨਾ ਤੇ ਨਵੇ ਸਿਖਣ ਅਧਿਆਪਨ ਤਰੀਕਿਆ ਨੂੰ ਸਿਖਣ ਵਿਚ ਸਾਮਲ ਕਰਨ ਹੈ।

**2.2.7 ਮੁੱਖ ਨੁਕਤੇ:** ਮੁਲਾਂਕਣ ਦਾ ਅਰਥ, ਜਰੂਰਤ ਅਤੇ ਮਹੱਤਤਾ, ਮੁਲਾਂਕਣ ਵਿਧੀਆਂ ਅਤੇ ਤਕਨੀਕਾਂ।

**2.2.8 ਸਵੈ ਮੁਲਾਂਕਣ ਅਭਿਆਸ (ਸਹੀ/ਗਲਤ)**

1. ਮੁਲਾਂਕਣ ਵਿਦਿਆਰਥੀਆਂ ਦੀ ਸਿਖਿਆ ਵਿਚ ਸੁਧਾਰ ਕਰਨ ਲਈ ਕੀਤਾ ਜਾਦਾ ਹੈ।
2. ਮੁਲਾਂਕਣ ਕਰਨ ਲਈ ਵੱਖ ਵੱਖ ਟੈਸਟ ਅਤੇ ਟਕਨੀਕਾਂ ਦੀ ਵਰਤੋ ਕੀਤੀ ਜਾਂਦੀ ਹੈ।
3. ਮੁਲਾਂਕਣ ਸਿਰਫ ਇਕ ਵਾਰ ਕੀਤਾ ਜਾਦਾ ਹੈ।

ਉਤਰ: 1. ਸਹੀ 2. ਸਹੀ 3. ਗਲਤ

**2.2.9 ਸੰਬੰਧਿਤ ਪ੍ਰਸ਼ਨ:**

(i) ਇਹ ਕਿਹੜੇ ਢੰਗ ਹਨ ਜੋ ਵਿਦਿਆਰਥੀ ਨੂੰ ਪ੍ਰੋਤਸਾਹਿਤ ਕਰਨ ਲਈ ਤੁਸੀ ਆਪਣੇ ਧਿਆਨ ਵਿਚ ਰੱਖੋਗੇ? ਕੀ ਤੁਸੀਂ ਕਿਸੇ ਢੰਗ ਨੂੰ ਖਾਸ ਮੱਹਤਵ ਦੇਵੋਗੇ ਤੇ ਕਿਉਂ?

(ii) 'ਮੁਲਾਂਕਣ' ਸ਼ਬਦ ਤੋਂ ਕੀ ਭਾਵ ਹੈ? ਇਸ ਦੀ ਜਰੂਰਤ ਤੇ ਮਹੱਤਵ ਦੀ ਵਿਆਖਿਆ ਕਰੋ?

(iii) 'ਮੁਲਾਂਕਣ' ਸ਼ਬਦ ਦੀ ਵਿਆਖਿਆ ਕਰੋ? ਸਮਾਜਿਕ ਸਿੱਖਿਆ ਦੀ ਜਾਣਕਾਰੀ ਲਈ ਵੱਖ-ਵੱਖ ਢੰਗਾਂ ਦਾ ਵਰਣਨ ਕਰੋ?

(iv) ਛੋਟੇ ਉੱਤਰਾਂ ਵਾਲੇ ਪ੍ਰਸ਼ਨ ਅਤੇ ਵਸਤੂਨਿਸ਼ਠ ਉੱਤਰਾਂ ਵਾਲੇ ਪ੍ਰਸ਼ਨਾਂ ਵਿਚਲੇ ਅੰਤਰ ਸਪੱਸ਼ਟ ਕਰੋ।

**2.2.10 ਸੁਝਾਈਆਂ ਪੁਸਤਕਾਂ**


1. ਵਿਸਲੇ ਈ. ਬੀ. : Teaching of Social Studies in Elementary Schools.
2. ਕੋਛੜ, ਐਮ. ਕੇ. : ਸਮਾਜਿਕ ਅਧਿਐਨ ਦਾ ਅਧਿਆਪਨ (ਅੰਗ੍ਰੇਜੀ)
3. ਅਗਰਵਾਲ ਜੇ. ਸੀ. : ਸਮਾਜਿਕ ਸਿੱਖਿਆ ਦਾ ਅਧਿਆਪਨ (ਅੰਗ੍ਰੇਜੀ)
4. ਸੰਧੂ ਪੀ. ਕੇ. (2003) : ਸਮਾਜਿਕ ਸਿੱਖਿਆ ਦਾ ਅਧਿਆਪਨ (ਪੰਜਾਬੀ)
5. ਮਨਜੀਤ ਕੌਰ, ਗੁਰਮੀਤ ਸਿੰਘ (2004) : ਸਮਾਜਿਕ ਸਿੱਖਿਆ ਦਾ ਅਧਿਆਪਨ (ਅੰਗ੍ਰੇਜੀ)

ਪਾਠ ਯੋਜਨਾ : ਅਰਥ, ਮਹੱਤਵ, ਉਦੇਸ਼ ਅਤੇ ਸਿਧਾਂਤ
ਪਾਠ ਯੋਜਨਾ ਦੇ ਨਮੂਨੇ

---

ਪਾਠ ਨੰਬਰ : 2.3

ਲੇਖਕ : ਡਾ. ਪਰਮਜੀਤ ਕੌਰ ਸੰਧੂ

---

2.3.1 ਉਦੇਸ਼
2.3.2 ਪਾਠ ਯੋਜਨਾ ਦਾ ਅਰਥ (Meaning of Lesson Plan)
2.3.3 ਪਾਠ ਯੋਜਨਾ ਦਾ ਮਹੱਤਵ (Importance of Lesson Plan)
2.3.4 ਪਾਠ ਯੋਜਨਾ ਦੇ ਸਿਧਾਂਤ (Principles of Lesson Plan)
2.3.5 ਪਾਠ ਯੋਜਨਾ ਦਾ ਉਦੇਸ਼ (Aims of the Lesson Plan)
2.3.6 ਪਾਠ ਯੋਜਨਾ ਦੇ ਪੜਾਅ ਜਾਂ ਕਦਮ (Steps of lesson Plan)
2.3.7 ਸਾਰ
2.3.8 ਮੁੱਖ ਨੁਕਤੇ
2.3.9 ਦੁਹਰਾਈ ਪ੍ਰਸ਼ਨ (Recapitulation)
2.3.10 ਸੁਝਾਏ ਪ੍ਰਸ਼ਨ
2.3.11 ਸੁਝਾਈਆਂ ਪੁਸਤਕਾਂ (Suggested Books)

**2.3.1 ਉਦੇਸ਼:** ਪਾਠ ਪੜ੍ਹਨ ਤੋ ਬਾਅਦ ਵਿਦਿਆਰਥੀ ਸਮਰੱਥ ਹੋ ਜਾਣਗੇ:

- ਪਾਠ ਯੋਜਨਾ ਦੀ ਜਰੂਰਤ ਤੋ ਜਾਣੂ।
- ਪਾਠ ਯੋਜਨਾ ਦੀ ਪ੍ਰਕਿਰਿਆ ਦਾ ਅਨੁਸਰਨ ਕਰਨਾ।
- ਪਾਠ ਯੋਜਨਾ ਉਦੇਸ ਤੋ ਜਾਣੂ।
- ਪਾਠ ਯੋਜਨਾ ਦੇ ਸਿਧਾਂਤਾਂ ਤੋ ਜਾਣੂ।

ਪਾਠ ਯੋਜਨਾ ਦੀ ਅਧਿਆਪਕਾਂ ਲਈ ਬਹੁਤ ਮਹੱਤਤਾ ਹੈ। ਅਧਿਆਪਕ ਨੇ ਜੋ ਇਕ ਇੰਚ ਪੜ੍ਹਾਉਣਾ ਹੈ ਤਾਂ ਉਸਨੂੰ ਇਕ ਮੀਲ ਲਈ ਤਿਆਰ ਹੋਣਾ ਚਾਹੀਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਉਹ ਪਹਿਲਾਂ ਆਪ ਉਸ ਵਿਸ਼ੇ ਬਾਰੇ ਪੜ੍ਹੇ ਅਤੇ ਪੜ੍ਹਨ ਤੋਂ ਬਾਅਦ ਪਾਠ ਦੀ ਯੋਜਨਾ ਤਿਆਰ ਕਰੇ। ਅਧਿਆਪਕ ਉਦੋਂ ਤਕ ਸਫ਼ਲ ਨਹੀਂ ਹੋ ਸਕਦਾ ਜਦੋਂ ਤਕ ਉਹ ਆਪਣੇ ਪਾਠ ਦੀ ਯੋਜਨਾ ਤਿਆਰ ਨਹੀਂ ਕਰਦਾ। ਮਹਾਨ ਸਿਖਿਆ ਸ਼ਾਸਤਰੀ ਜੇ.ਈ. ਹਰਬਰਟ (J.E. Herbart,1776-1841 ਏ.ਡੀ.) ਨੇ ਪਾਠ ਯੋਜਨਾ ਦਾ ਪ੍ਰਚਾਰ ਕੀਤਾ। ਉਸ ਦੇ ਪਾਠ-ਯੋਜਨਾ ਦੇ ਕੁਝ ਕਦਮ ਦਰਸਾਏ। ਅਧਿਆਪਕ ਨੂੰ ਹਰ ਇਕ ਪਾਠ ਦੀ ਯੋਜਨਾ ਵੱਖ-ਵੱਖ ਤਿਆਰ ਕਰਨੀ ਚਾਹੀਦੀ ਹੈ ਤਾਂ ਜੋ ਉਹ ਵਿਦਿਆਰਥੀਆਂ ਨੂੰ ਠੀਕ ਸਮਝਾ ਸਕੇ।

**2.3.2 ਪਾਠ ਯੋਜਨਾ ਦਾ ਅਰਥ (Meaning of Lesson Plan)**

ਪਾਠ ਯੋਜਨਾ ਦੇ ਸ਼ਬਦਾਂ ਦਾ ਸੁਮੇਲ ਹੈ - ਪਾਠ ਅਤੇ ਯੋਜਨਾ। ਇਸ ਦਾ ਅਰਥ ਇਹ ਹੋਇਆ ਕਿ ਪਾਠ ਦੀ ਯੋਜਨਾ ਤਿਆਰ ਕਰਨਾ। ਉਸ ਵਿਚ ਕੀ ਅਤੇ ਕਿਵੇਂ ਪੜ੍ਹਾਇਆ ਜਾਣਾ ਹੈ ? ਕਿਹੜੀ ਸਹਾਇਕ ਸਮੱਗਰੀ, ਵਿਧੀ ਅਤੇ ਪੜ੍ਹਾਉਣ ਦੇ ਉਦੇਸ਼ ਕਿਹੜੇ ਹੋਣਗੇ ? ਐਲ. ਬੀ. ਸੈਂਡਸ (L.B. Sands) ਨੇ ਪਾਠ-ਯੋਜਨਾ ਦੇ ਅਰਥ ਦੱਸਦੇ ਹੋਏ ਕਿਹਾ ਹੈ, ''ਪਾਠ ਯੋਜਨਾ ਅਸਲ ਵਿਚ ਕੰਮ ਕਰਨ ਦੀ ਯੋਜਨਾ ਹੈ। ਇਸ ਵਿਚ ਅਧਿਆਪਕ ਦਾ ਕੰਮ-ਦਰਸ਼ਨ, ਗਿਆਨ ਦਰਸ਼ਨ, ਆਪਣੇ ਵਿਦਿਆਰਥੀਆਂ ਦੇ ਸੰਬੰਧ ਵਿਚ ਉਨ੍ਹਾਂ ਦੀ ਸੂਝ ਬਾਰੇ ਜਾਣਕਾਰੀ, ਸਿੱਖਿਆ ਉਦੇਸ਼ ਦਾ ਗਿਆਨ, ਵਿਸ਼ਾ ਵਸਤੂ ਦਾ ਗਿਆਨ ਅਤੇ ਪ੍ਰਭਾਵਸ਼ਾਲੀ ਵਿਧੀਆਂ ਦੇ ਪ੍ਰਯੋਗ ਵਿਚ ਉਸ ਦੀ ਯੋਗਤਾ ਦਾ ਵਰਤਣਾ।''

ਪਾਠ-ਯੋਜਨਾ ਪੜ੍ਹਾਉਣ ਸਮੇਂ ਕੀਤੇ ਜਾਣ ਵਾਲੇ ਕੰਮਾਂ ਦੀ ਰੂਪ-ਰੇਖਾ ਦਰਸਾਉਂਦੀ ਹੈ ਜਿਸ ਤੋਂ ਅਧਿਆਪਕ ਨੂੰ ਪਤਾ ਲਗਦਾ ਹੈ ਕਿ ਉਸਨੇ ਕੀ, ਕਿੰਨਾ ਅਤੇ ਕਿਵੇਂ ਪੜ੍ਹਾਉਣਾ ਹੈ। ਪਾਠ ਯੋਜਨਾ ਵਿਦਿਆਰਥੀਆਂ ਦੀਆਂ ਰੁਚੀਆਂ ਅਤੇ ਯੋਗਤਾਵਾਂ ਅਨੁਸਾਰ ਹੁੰਦੀ ਹੈ।

**2.3.3 ਪਾਠ ਯੋਜਨਾ ਦਾ ਮਹੱਤਵ (Importance of Lesson Plan)**

ਪਾਠ ਯੋਜਨਾ ਤਿਆਰ ਕਰਨ ਦਾ ਮਹੱਤਵ ਹੇਠ ਦਿੱਤਾ ਗਿਆ ਹੈ :

**1. ਪੜ੍ਹਾਉਣ ਸਮੱਗਰੀ ਦਾ ਪ੍ਰਬੰਧ ਕਰਨ ਵਿਚ ਮਦਦ (Helpful in Managing Material)**

ਪੜ੍ਹਾਉਣ ਸਮੇਂ ਸਭ ਤੋਂ ਪਹਿਲਾਂ ਅਧਿਆਪਕ ਨੂੰ ਵਿਸ਼ਾ ਸਮੱਗਰੀ ਦੀ ਜ਼ਰੂਰਤ ਪੈਂਦੀ ਹੈ। ਵਿਸ਼ਾ ਵਸਤੂ ਭਾਵੇਂ ਪਾਠ ਪੁਸਤਕ ਵਿਚ ਮਿਲ ਜਾਂਦਾ ਹੈ ਪਰ ਫਿਰ ਵੀ ਇਸਦਾ ਪ੍ਰਬੰਧ ਪਹਿਲਾਂ ਕਰਨਾ ਚਾਹੀਦਾ ਹੈ।

**2. ਪੜ੍ਹਾਉਣ ਵਿਧੀਆਂ ਦੀ ਚੋਣ (Selection of Teaching Methods)**

ਵਿਸ਼ਾ ਵਸਤੂ ਦਾ ਪ੍ਰਬੰਧ ਕਰਨ ਤੋਂ ਬਾਅਦ ਅਧਿਆਪਕ ਪੜ੍ਹਾਉਣ ਦੇ ਢੰਗ ਦੀ ਚੋਣ ਕਰਦਾ ਹੈ ਕਿ ਕਿਹੜੀ ਵਿਧੀ ਵਿਦਿਆਰਥੀਆਂ ਲਈ ਜ਼ਿਆਦਾ ਲਾਭਦਾਇਕ ਸਿੱਧ ਹੋ ਸਕਦੀ ਹੈ ਉਸ ਦੀ ਚੋਣ ਅਧਿਆਪਕ ਕਰਦਾ ਹੈ। ਪਾਠ-ਯੋਜਨਾ ਵਿਚ ਇਸ ਦਾ ਜ਼ਿਕਰ ਕਰਦਾ ਹੈ। ਕਲਾਸ ਵਿਚ ਜਾ ਕੇ ਅਧਿਆਪਕ ਨੂੰ ਇਹ ਨਹੀਂ ਸੋਚਣਾ ਪੈਂਦਾ ਕਿ ਕਿਹੜੀ ਵਿਧੀ ਅਪਨਾਉਣੀ ਹੈ।

**3. ਸਮੇਂ ਅਤੇ ਸ਼ਕਤੀ ਦੀ ਬੱਚਤ (Saves Time and Energy)**

ਪਾਠ ਯੋਜਨਾ ਕਰਨ ਨਾਲ ਸਮੇਂ ਅਤੇ ਸ਼ਕਤੀ ਦੀ ਬੱਚਤ ਹੁੰਦੀ ਹੈ ਕਿਉਂਕਿ ਪਾਠ ਯੋਜਨਾ ਵਿਚ ਇਹ ਸਪੱਸ਼ਟ ਹੁੰਦਾ ਹੈ ਕਿ ਅਧਿਆਪਕ ਨੇ ਕੀ, ਕਿਵੇਂ ਅਤੇ ਕਦੋਂ ਪੜ੍ਹਾਉਣਾ ਹੈ। ਅਧਿਆਪਕ ਨੇ ਆਪਣੀ ਪਾਠ ਯੋਜਨਾ ਵਿਚ ਲਿਖਿਆ ਹੁੰਦਾ ਹੈ ਕਿ ਕਦੋਂ ਬਲੈਕ ਬੋਰਡ ਵਰਤਣਾ ਹੈ ? ਕਦੋਂ ਸਹਾਇਕ ਸਮੱਗਰੀ ਦੀ ਵਰਤੋਂ ਕਰਨੀ ਹੈ ਆਦਿਕ। ਇਸ ਨਾਲ ਕਾਫ਼ੀ ਸਮਾਂ ਬਚ ਜਾਂਦਾ ਹੈ।

**4. ਆਤਮ ਵਿਸ਼ਵਾਸ ਵਧਾਉਣ ਵਿਚ ਸਹਾਇਤਾ (Helps in Increasing Self-confidence)**

ਅਧਿਆਪਕ ਦਾ ਪੜ੍ਹਾਉਣ ਦਾ ਕੰਮ ਜਿੰਨਾ ਜ਼ਿਆਦਾ ਤਿਆਰ ਹੁੰਦਾ ਹੈ, ਉਨ੍ਹਾਂ ਹੀ ਆਪਣੇ ਆਪ ਤੇ ਵਿਸ਼ਵਾਸ ਜ਼ਿਆਦਾ ਹੁੰਦਾ ਹੈ। ਅਧਿਆਪਕ ਨੂੰ ਇਹ ਪਤਾ ਹੁੰਦਾ ਹੈ ਕਿ ਉਸ ਨੇ ਵਿਦਿਆਰਥੀਆਂ ਨੂੰ ਕਿਸ ਤਰ੍ਹਾਂ ਪ੍ਰੇਰਤ ਕਰਨਾ ਹੈ। ਆਤਮ ਵਿਸ਼ਵਾਸ ਅਧਿਆਪਕ ਦੇ ਕੰਮ ਨੂੰ ਰੋਚਕ, ਉਪਯੋਗੀ, ਪ੍ਰਭਾਵਸ਼ਾਲੀ ਅਤੇ ਆਨੰਦਮਈ ਬਣਾ ਸਕਦਾ ਹੈ। ਪਾਠ ਯੋਜਨਾ ਅਧਿਆਪਕ ਨੂੰ ਆਤਮ ਵਿਸ਼ਵਾਸ ਵਧਾਉਣ ਵਿਚ ਸਹਾਇਤਾ ਕਰਦੀ ਹੈ।

**5. ਉਦੇਸ਼ਾਂ ਦੀ ਸਪੱਸ਼ਟਤਾ (Clarity of Aims)**

ਪਾਠ ਪੜ੍ਹਾਉਣ ਦੇ ਕੀ ਉਦੇਸ਼ ਹਨ, ਜਦੋਂ ਤਕ ਅਧਿਆਪਕ ਨੂੰ ਉਦੇਸ਼ ਸਪੱਸ਼ਟ ਨਹੀਂ ਹੋ ਜਾਂਦੇ ਉਦੋਂ ਤਕ ਉਹ ਪਾਠ ਵਿਚ ਰੁਚੀ ਨਹੀਂ ਲੈ ਸਕਦਾ। ਪਾਠ ਯੋਜਨਾ ਵਿਚ ਪੜ੍ਹਾਉਣ ਦਾ ਕੰਮ ਕਰਨ ਤੋਂ ਪਹਿਲਾਂ ਅਧਿਆਪਕ ਨੂੰ ਖਾਸ ਅਤੇ ਆਮ ਉਦੇਸ਼ਾਂ ਦਾ ਗਿਆਨ ਹੋ ਜਾਂਦਾ ਹੈ। ਪੜ੍ਹਾਉਂਦੇ ਸਮੇਂ ਉਸ ਨੂੰ ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਕਰਨੀ ਹੈ।

**6. ਮੁਲਾਂਕਣ ਵਿਚ ਸਹਾਇਤਾ (Helpful in Evaluation)**

ਕਲਾਸ ਵਿਚ ਜੋ ਪੜ੍ਹਾਇਆ ਹੈ ਉਸਦਾ ਨਾਲ ਨਾਲ ਮੁਲਾਂਕਣ ਹੋਣਾ ਜ਼ਰੂਰੀ ਹੈ। ਪਾਠ ਯੋਜਨਾ ਦੁਹਰਾਈ ਪ੍ਰਸ਼ਨ ਲਿਖ ਲਏ ਜਾਂਦੇ ਹਨ ਤੇ ਸਮੇਂ ਸਮੇਂ ਤੇ ਵਿਦਿਆਰਥੀਆਂ ਦਾ ਮੁਲਾਂਕਣ ਕੀਤਾ ਜਾਂਦਾ ਹੈ। ਪਾਠ ਯੋਜਨਾ ਵਿਚ ਵਿਦਿਆਰਥੀ ਦੇ ਮੁਲਾਂਕਣ ਦੇ ਨਾਲ ਨਾਲ ਅਧਿਆਪਕ ਨੂੰ ਵੀ ਪਤਾ ਲਗਦਾ ਹੈ ਕਿ ਉਹ ਕਿਥੋਂ ਤਕ ਸਫਲ ਹੋਇਆ ਹੈ। ਅਗਲੀ ਪਾਠ ਯੋਜਨਾ ਵਿਚ ਜ਼ਰੂਰੀ ਸੁਧਾਰ ਕਰਦਾ ਹੈ।

ਪਾਠ ਯੋਜਨਾ ਦੁਆਰਾ ਵਿਅਰਥ ਗੱਲਾਂ ਤੋਂ ਬੱਚਿਆ ਜਾ ਸਕਦਾ ਹੈ। ਕਈ ਵਾਰ ਅਧਿਆਪਕ ਪੜ੍ਹਾਉਂਦੇ ਸਮੇਂ ਆਪਣੇ ਵਿਸ਼ੇ ਤੋਂ ਦੂਰ ਚਲਾ ਜਾਂਦਾ ਹੈ। ਪਰ ਪਾਠ ਯੋਜਨਾ ਅਧਿਆਪਕ ਨੂੰ ਅਜਿਹਾ ਨਹੀਂ ਕਰਨ ਦਿੰਦੀ।

**2.3.4 ਪਾਠ ਯੋਜਨਾ ਦੇ ਸਿਧਾਂਤ (Principles of Lesson Plan)**

ਕੁਝ ਸਿਧਾਂਤ ਹੇਠ ਦਿਤੇ ਗਏ ਹਨ ਜਿਹੜੇ ਪਾਠ ਯੋਜਨਾ ਬਣਾਉਣ ਸਮੇਂ ਸਹਾਇਤਾ ਕਰ ਸਕਦੇ ਹਨ :

1. ਅਧਿਆਪਕ ਨੇ ਜਿਹੜਾ ਵਿਸ਼ਾ ਵਸਤੂ ਪੜ੍ਹਾਉਣ ਲਈ ਚੁਣਿਆ ਹੈ ਉਸ ਵਿਚ ਉਹ ਮਾਹਿਰ ਹੋਣਾ ਚਾਹੀਦਾ ਹੈ।
2. ਪਾਠ ਯੋਜਨਾ ਬਣਾਉਂਦੇ ਸਮੇਂ ਅਧਿਆਪਕ ਨੂੰ ਆਪਣੇ ਵਿਦਿਆਰਥੀਆਂ ਦੀਆਂ ਰੁਚੀਆਂ, ਯੋਗਤਾਵਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਪਾਠ ਯੋਜਨਾ ਬਣਾਉਂਦੇ ਸਮੇਂ ਅਧਿਆਪਕ ਨੂੰ ਬੱਚਿਆਂ ਦੇ ਮਨੋਵਿਗਿਆਨ ਦਾ ਧਿਆਨ ਰੱਖਣਾ ਚਾਹੀਦਾ ਹੈ।
3. ਸਮਾਜਿਕ ਅਧਿਐਨ ਦਾ ਅਧਿਆਪਕ ਪੜ੍ਹਾਉਣ ਦੀਆਂ ਨਵੀਆਂ ਤਕਨੀਕਾਂ ਅਤੇ ਵਿਧੀਆਂ ਵਿਚ ਮਾਹਿਰ ਹੋਣਾ ਚਾਹੀਦਾ ਹੈ।
4. ਪਾਠ ਯੋਜਨਾ ਵਿਚ ਲਚਕੀਲਾਪਣ ਹੋਣਾ ਚਾਹੀਦਾ ਹੈ ਤਾਂ ਜੋ ਉਸ ਨੂੰ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਮੁਤਾਬਿਕ ਵਰਤਿਆ ਜਾ ਸਕੇ।

5. ਪਾਠ ਯੋਜਨਾ ਇਹੋ ਜਿਹੀ ਬਣਾਉਣੀ ਚਾਹੀਦੀ ਹੈ ਜਿਸ ਵਿਚ ਵਿਦਿਆਰਥੀ ਵੱਧ ਤੋਂ ਵੱਧ ਹਿੱਸਾ ਲੈ ਸਕਣ। ਦੁਹਰਾਈ ਪ੍ਰਸ਼ਨ ਨਾਲ ਨਾਲ ਪੁੱਛਣੇ ਚਾਹੀਦੇ ਹਨ ਤਾਂ ਕਿ ਵਿਦਿਆਰਥੀ ਪਾਠ ਵਿਚ ਹਿੱਸਾ ਲੈ ਸਕਣ।

**2.3.5 ਪਾਠ ਯੋਜਨਾ ਦਾ ਉਦੇਸ਼ (Aims of the Lesson Plan)**

1. ਪਾਠ ਯੋਜਨਾ ਬਣਾਉਣ ਨਾਲ ਅਧਿਆਪਕ ਨੂੰ ਪਤਾ ਲਗ ਜਾਂਦਾ ਹੈ ਕਿ ਉਸ ਨੇ ਕੀ ਪੜ੍ਹਾਉਣਾ ਹੈ ਕਿਵੇਂ ਅਤੇ ਕਿੰਨਾ ਪੜ੍ਹਾਉਣਾ ਹੈ।
2. ਪਾਠ ਯੋਜਨਾ ਦਾ ਸਭ ਤੋਂ ਮੁੱਖ ਉਦੇਸ਼ ਹੈ ਕਿ ਵਿਦਿਆਰਥੀਆਂ ਨੂੰ ਚੰਗੀ ਤਰਤੀਬ ਨਾਲ ਪੜ੍ਹਾਇਆ ਜਾ ਸਕਦਾ ਹੈ।
3. ਪਾਠ ਯੋਜਨਾ ਦੁਆਰਾ ਅਧਿਆਪਕ ਨੂੰ ਵਿਦਿਆਰਥੀਆਂ ਦੇ ਪਹਿਲੇ ਪ੍ਰਾਪਤ ਕੀਤੇ ਗਿਆਨ ਦਾ ਪਤਾ ਲਗਦਾ ਹੈ।
4. ਪਾਠ ਯੋਜਨਾ ਦੁਆਰਾ ਅਧਿਆਪਕ ਵਿਦਿਆਰਥੀਆਂ ਨੂੰ ਅਤੇ ਵਿਸ਼ੇ ਪਾਠ ਲਈ ਪ੍ਰੇਰਿਤ ਕਰਦਾ ਹੈ।
5. ਪਾਠ ਯੋਜਨਾ ਦੁਆਰਾ ਅਧਿਆਪਕ ਨੂੰ ਉਨ੍ਹਾਂ ਨਿਯਮ ਤੋਂ ਜਾਣੂ ਕਰਵਾਉਂਦੀ ਹੈ ਜਿੰਨਾ ਨਿਯਮਾਂ ਅਨੁਸਾਰ ਅਧਿਆਪਕ ਨੇ ਪਾਠ ਪੜ੍ਹਾਉਣਾ ਹੈ।
6. ਪਾਠ ਯੋਜਨਾ ਰਾਹੀਂ ਅਧਿਆਪਕ ਆਪਣਾ ਬਿਖਰਿਆ ਹੋਇਆ ਗਿਆਨ ਇਕੱਠਾ ਕਰਕੇ ਕ੍ਰਮਬੱਧ ਢੰਗ ਨਾਲ ਵਿਦਿਆਰਥੀਆਂ ਨੂੰ ਵੰਡਦਾ ਜਾਂ ਪ੍ਰਦਾਨ ਕਰਦਾ ਹੈ।

**2.3.6 ਪਾਠ ਯੋਜਨਾ ਦੇ ਪੜਾਅ ਜਾਂ ਕਦਮ (Steps of lesson Plan) :**

ਪਾਠ ਯੋਜਨਾ ਕਿਵੇਂ ਬਣਾਉਣੀ ਹੈ ? ਇਸ ਸੰਬੰਧ ਵਿਚ ਸਿੱਖਿਆ ਸ਼ਾਸਤਰੀ ਜੇ.ਈ. ਹਰਬਰਟ ਨੇ ਪਾਠ ਯੋਜਨਾ ਲਈ ਕੁਝ ਕਦਮ (Step) ਦਰਸਾਏ ਹਨ, ਜੋ ਹੇਠ ਲਿਖੇ ਹਨ :

**1. ਸਾਧਾਰਨ ਉਦੇਸ਼ (General Aims)**

ਹਰ ਇਕ ਵਿਸ਼ੇ ਦੇ ਸਾਧਾਰਨ ਉਦੇਸ਼ ਹਨ। ਇਕ ਵਿਸ਼ੇ ਦੇ ਹਰੇਕ ਪਾਠ ਦੇ ਸਾਧਾਰਨ ਉਦੇਸ਼ ਲਗਭਗ ਇਕੋ ਜਿਹੇ ਹੀ ਹੁੰਦੇ ਹਨ। ਜਿਵੇਂ ਕਿ :

(ੳ) ਸਮਾਜਿਕ ਅਧਿਐਨ ਪ੍ਰਤੀ ਰੁਚੀ ਪੈਦਾ ਕਰਨਾ।
(ਅ) ਬੱਚਿਆਂ ਦੀ ਕਲਪਨਾ ਸ਼ਕਤੀ ਵਿਚ ਵਿਕਾਸ ਕਰਨਾ।
(ੲ) ਅਤੀਤ ਅਤੇ ਵਰਤਮਾਨ ਘਟਨਾਵਾਂ ਦੱਸਕੇ ਭਵਿੱਖ ਲਈ ਤਿਆਰ ਕਰਨਾ।
(ਸ) ਵਿਦਿਆਰਥੀਆਂ ਵਿਚ ਰਾਸ਼ਟਰੀ ਏਕਤਾ ਅਤੇ ਅੰਤਰਰਾਸ਼ਟਰੀ ਸੂਝ ਵਿਕਸਿਤ ਕਰਨਾ।
(ਹ) ਵਿਦਿਆਰਥੀਆਂ ਨੂੰ ਭੂਗੋਲਿਕ ਤੱਥਾਂ ਤੋਂ ਜਾਣੂ ਕਰਵਾਉਣਾ।
(ਕ) ਵਿਦਿਆਰਥੀਆਂ ਨੂੰ ਸੰਸਾਰ ਦੇ ਰਾਜਨੀਤਿਕ ਨਕਸ਼ੇ ਤੋਂ ਜਾਣੂ ਕਰਵਾਉਣਾ।
(ਖ) ਵਿਦਿਆਰਥੀ ਵਿਚ ਆਪਣੇ ਆਲੇ ਦੁਆਲੇ ਨੂੰ ਜਾਨਣ ਦੀ ਰੁਚੀ ਵਿਕਸਿਤ ਕਰਨਾ।
(ਗ) ਵਿਦਿਆਰਥੀਆਂ ਨੂੰ ਵਾਤਾਵਰਨ ਤੋਂ ਜਾਣੂ ਕਰਵਾਉਣਾ।
(ਘ) ਵਿਦਿਆਰਥੀਆਂ ਵਿਚ ਨਾਗਰਿਕ ਸ਼ਾਸਤਰ ਪ੍ਰਤੀ ਰੁਚੀ ਪੈਦਾ ਕਰਨਾ।
(ਙ) ਵਿਦਿਆਰਥੀਆਂ ਨੂੰ ਰਾਜਨੀਤਿਕ ਢਾਂਚੇ ਦਾ ਗਿਆਨ ਪ੍ਰਦਾਨ ਕਰਨਾ।
(ਚ) ਵਿਦਿਆਰਥੀਆਂ ਨੂੰ ਲੋਕਤੰਤਰ ਦੇ ਡਿਕਟੇਟਰਸ਼ਿਪ ਤੋਂ ਜਾਣੂ ਕਰਵਾਉਣਾ।
(ਛ) ਚੰਗੇ ਨਾਗਰਿਕ ਬਣਾਉਣਾ।
(ਜ) ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਤੋਂ ਜਾਣੂ ਕਰਵਾਉਣਾ।

**2. ਵਿਸ਼ੇਸ਼ ਉਦੇਸ਼ (Specific Aims) :**

ਵਿਸ਼ੇਸ਼ ਉਦੇਸ਼ ਪੜ੍ਹਾਏ ਜਾਣ ਵਾਲੇ ਉਪ ਵਿਸ਼ੇ ਤੇ ਨਿਰਭਰ ਕਰਦਾ ਹੈ। ਹਰੇਕ ਪਾਠ ਦਾ ਕੋਈ ਵਿਸ਼ੇਸ਼ ਉਦੇਸ਼ ਜਾਂ ਕੁਝ ਵਿਸ਼ੇਸ਼ ਉਦੇਸ਼ ਹੁੰਦੇ ਹਨ।

**3. ਸਹਾਇਕ ਸਮੱਗਰੀ (Teaching Aids) :**

ਕੋਈ ਪਾਠ ਚੰਗੀ ਤਰ੍ਹਾਂ ਪੜ੍ਹਾਉਣ ਲਈ ਸਹਾਇਕ ਸਮੱਗਰੀ ਦੀ ਜ਼ਰੂਰਤ ਹੁੰਦੀ ਹੈ। ਇਕ ਵਾਰ ਵਿਖਾਉਣਾ ਸੌ ਵਾਰ ਦੱਸਣ ਨਾਲੋਂ ਵਧੇਰੇ ਚੰਗਾ ਹੈ (One vision is better than hundred times tellings)। ਸਹਾਇਕ ਸਮੱਗਰੀ ਗੁੰਝਲਦਾਰ ਤੱਥਾਂ ਨੂੰ ਸਰਲ ਬਣਾ ਦਿੰਦੀ ਹੈ।

**4. ਪੜ੍ਹਾਉਣ ਦੀ ਵਿਧੀ (Teaching Method) :**

ਪਾਠ ਯੋਜਨਾ ਦਾ ਇਹ ਮਹੱਤਵਪੂਰਨ ਕਦਮ ਹੈ। ਸਮਾਜਿਕ ਅਧਿਐਨ ਪੜ੍ਹਾਉਣ ਲਈ ਵੱਖ-ਵੱਖ ਪਾਠ ਲਈ ਵੱਖ-ਵੱਖ ਵਿਧੀਆਂ ਸਹਾਇਕ ਹੁੰਦੀਆਂ ਹਨ।

**5. ਪੂਰਵ ਗਿਆਨ (Previous Knowledge) :**

ਸਮਾਜਿਕ ਅਧਿਐਨ ਦਾ ਨਵਾਂ ਉਪ-ਵਿਸ਼ਾ ਪੜ੍ਹਾਉਣ ਤੋਂ ਪਹਿਲਾਂ ਉਸ ਨਾਲ ਸੰਬੰਧਤ ਪੂਰਵ ਗਿਆਨ ਦੀ ਪਰਖ ਕਰਨੀ ਚਾਹੀਦੀ ਹੈ। ਪੂਰਵ ਗਿਆਨ ਦੀ ਪਰਖ ਲਈ ਚਾਰ ਜਾਂ ਪੰਜ ਪ੍ਰਸ਼ਨ ਪੁੱਛਣੇ ਚਾਹੀਦੇ ਹਨ। ਕਈ ਵਾਰ ਅਧਿਆਪਕ ਨੂੰ ਆਪਣੇ ਬੱਚਿਆਂ ਦਾ ਪੂਰਵ ਗਿਆਨ ਪਤਾ ਹੁੰਦਾ ਹੈ।

**6. ਭੂਮਿਕਾ (Introduction) :**

ਜਮਾਤ ਨੂੰ ਠੀਕ ਤਰ੍ਹਾਂ ਪਾਠ ਦੀ ਭੂਮਿਕਾ ਬੰਨ੍ਹਣੀ ਅਧਿਆਪਕ ਤੇ ਨਿਰਭਰ ਕਰਦੀ ਹੈ। ਪਾਠ ਦੀ ਭੂਮਿਕਾ ਢੁੱਕਵੀਂ ਹੋਣੀ ਚਾਹੀਦੀ ਹੈ। ਪਾਠ ਦਾ ਅਰੰਭ ਚਾਲੂ ਮਾਮਲੇ ਦਾ ਹਵਾਲਾ ਦੇ ਕੇ ਵੀ ਕੀਤਾ ਜਾ ਸਕਦਾ ਹੈ।

**7. ਉਪ-ਵਿਸ਼ੇ ਦਾ ਐਲਾਨ ਕਰਨਾ (Announcement of the Sub-Topic) :**

ਭੂਮਿਕਾ ਤੋਂ ਬਾਅਦ ਅਧਿਆਪਕ ਵਿਦਿਆਰਥੀ ਨੂੰ ਐਲਾਨ ਕਰੇਗਾ ਕਿ ਬੱਚਿਓ, ਅੱਜ ਅਸੀਂ.................... ਵਿਸ਼ੇ ਬਾਰੇ ਪੜ੍ਹਾਂਗੇ।

**8. ਵਿਸ਼ਾ ਪ੍ਰਵੇਸ਼ (Presentation) :**

ਪਾਠ ਨੂੰ ਪੇਸ਼ ਕਰਨ ਪਾਠ ਯੋਜਨਾ ਵਿਚ ਲਿਖਣ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

1. ਹਰ ਇਕ ਪਾਠ ਨੂੰ ਇਕਾਈਆਂ (Units) ਜਾਂ (Section) ਸੈਕਸ਼ਨਾਂ ਵਿਚ ਵੰਡਿਆ ਜਾਵੇ।
2. ਪਾਠ ਯੋਜਨਾ ਨੋਟ ਬੁਕ (Lesson Planning Note Book) ਦੇ ਸਫੇ ਨੂੰ ਲਗਭਗ ਪੰਜ ਭਾਗਾਂ ਵਿਚ ਵੰਡ ਲਿਆ ਜਾਵੇ।
3. ਵਿਦਿਆਰਥੀਆਂ ਨੂੰ ਮਾਨਸਿਕ ਤੌਰ ਤੇ ਜਾਗਰਿਤ ਰੱਖਣ ਲਈ ਕੁਝ ਪ੍ਰਸ਼ਨ ਪੁੱਛੇ ਜਾਣ।
4. ਬਲੈਕ ਬੋਰਡ ਤੇ ਜੋ ਲਿਖਣਾ ਹੈ ਉਸ ਨੂੰ ਨੋਟ ਬੁਕ ਵਿਚ ਲਿਖਿਆ ਜਾਵੇ।
5. ਹਰ ਇਕ ਪੜ੍ਹਾਉਣ ਦੀ ਵਿਧੀ ਤੇ ਵਿਸ਼ਾ ਵਸਤੂ ਲਿਖਿਆ ਜਾਵੇ।
6. ਇਕ ਇਕਾਈ ਨੂੰ ਪੜ੍ਹਾ ਕੇ ਉਸ ਤੋਂ ਬਾਅਦ ਦੂਜੀ ਇਕਾਈ ਸ਼ੁਰੂ ਕੀਤੀ ਜਾਵੇ। ਅਧਿਆਪਕ ਨੂੰ ਅਗਲੇ ਸੈਕਸ਼ਨ ਵੱਲ ਉਦੋਂ ਤਕ ਨਹੀਂ ਵਧਣਾ ਚਾਹੀਦਾ ਜਦ ਤਕ ਪਿਛਲਾ ਬਿਲਕੁਲ ਸਪਸ਼ਟ ਨਾ ਹੋਵੇ। ਇਹ ਅਸੂਲ ਛੋਟੀਆਂ ਜਮਾਤਾਂ ਲਈ ਵਿਸ਼ੇਸ਼ ਕਰਕੇ ਅਪਣਾਇਆ ਜਾਂਦਾ ਹੈ।

**9. ਦੁਹਰਾਈ ਪ੍ਰਸ਼ਨ (Recapitulation) :**

ਅਧਿਆਪਕ ਨੂੰ ਸਾਰਾ ਪਾਠ ਪੜ੍ਹਾਉਣ ਦੇ ਬਾਅਦ ਵਿਚ ਦੁਹਰਾਈ ਪ੍ਰਸ਼ਨ ਪੁਛਣੇ ਚਾਹੀਦੇ ਹਨ। ਵਿਦਿਆਰਥੀਆਂ ਨੂੰ ਦੱਸੇ ਸਥਾਨਾਂ ਨੂੰ ਨਕਸ਼ੇ ਵਿਚ ਦਿਖਾਉਣ ਲਈ ਕਿਹਾ ਜਾ ਸਕਦਾ ਹੈ।

**10. ਘਰ ਦਾ ਕੰਮ (Home Work) :**

ਪਾਠ ਪੜ੍ਹਾਉਣ ਤੋਂ ਬਾਅਦ ਵਿਦਿਆਰਥੀਆਂ ਨੂੰ ਘਰ ਦਾ ਕੰਮ ਦਿੱਤਾ ਜਾਂਦਾ ਹੈ। ਵਿਦਿਆਰਥੀਆਂ ਨੂੰ ਘਰ ਦੇ ਕੰਮ ਵਿਚ ਨਕਸ਼ੇ, ਚਾਰਟ, ਸਮਾਂ ਰੇਖਾ, ਸਰਲ ਮਾਡਲ, ਵਸਤੂਗਤ ਵੰਨਗੀ ਦੇ ਪ੍ਰਸ਼ਨ, ਨਿਬੰਧ ਵੰਨਗੀ ਦੇ ਪ੍ਰਸ਼ਨ ਆਦਿ ਵਿਚੋਂ ਕਿਸੇ ਇਕ ਬਾਰੇ ਘਰ ਦਾ ਕੰਮ ਦਿੱਤਾ ਜਾਂਦਾ ਹੈ।

**ਪਾਠ ਯੋਜਨਾ ਦੇ ਨਮੂਨੇ ਨਿਮਨਲਿਖਤ ਅਨੁਸਾਰ ਹਨ :**

**ਪਾਠ ਯੋਜਨਾ ਨੰ: 1**

ਵਿਦਿਆਰਥੀ-ਅਧਿਆਪਕ ਦਾ ਰੋਲ ਨੰ:..............................

| | | | |
|---|---|---|---|
| ਵਿਸ਼ਾ | : | ਸਮਾਜਿਕ ਸਿੱਖਿਆ | |
| ਉਪ-ਵਿਸ਼ਾ | : | ਸਮਰਾਟ ਅਸ਼ੋਕ | |
| ਕਲਾਸ | : | ਸੱਤਵੀਂ | |
| ਸਮਾਂ | : | 40 ਮਿੰਟ | ਮਿਤੀ................................ |

**ਸਾਧਾਰਨ ਉਦੇਸ਼ (General Aims) :**

1. ਵਿਦਿਆਰਥੀਆਂ ਵਿਚ ਸਮਾਜਿਕ ਅਧਿਐਨ ਪ੍ਰਤੀ ਰੁਚੀ ਪੈਦਾ ਕਰਨਾ।
2. ਵਿਦਿਆਰਥੀਆਂ ਦੀ ਕਲਪਨਾ ਸ਼ਕਤੀ ਵਿਚ ਵਾਧਾ ਕਰਨਾ।
3. ਅਤੀਤ ਅਤੇ ਵਰਤਮਾਨ ਘਟਨਾਵਾਂ ਦੱਸ ਕੇ ਭਵਿੱਖ ਲਈ ਤਿਆਰ ਕਰਨਾ।
4. ਵਿਦਿਆਰਥੀਆਂ ਵਿਚ ਆਪਣੇ ਵਿਰਸੇ ਪ੍ਰਤੀ ਰੁਚੀ ਪੈਦਾ ਕਰਨਾ।

**ਵਿਸ਼ੇਸ਼ ਉਦੇਸ਼ (Specific Aims)**

1. ਮਹਾਰਾਜਾ ਅਸ਼ੋਕ ਦੇ ਜੀਵਨ ਤੋਂ ਜਾਣੂ ਕਰਵਾਉਣਾ।
2. ਕਲਿੰਗਾ ਜਿੱਤਣ ਤੋਂ ਬਾਅਦ ਬੁੱਧ ਮੱਤ ਧਾਰਨ ਕਰਨਾ।

**ਸਹਾਇਕ ਸਮੱਗਰੀ (Teaching Aids) :**

ਬਲੈਕ ਬੋਰਡ, ਚਾਕ, ਝਾੜਨ, ਭਾਰਤ ਦਾ ਰਾਜਨੀਤਿਕ ਨਕਸ਼ਾ, ਭਾਰਤ ਦਾ ਕੌਮੀ ਝੰਡਾ।

**ਪੜ੍ਹਾਉਣ ਦੀ ਵਿਧੀ (Teaching Method) :** ਲੈਕਚਰ ਵਿਧੀ ਤੇ ਪ੍ਰੋਜੈਕਟ ਵਿਧੀ।

**ਪੂਰਵ ਗਿਆਨ ਦੀ ਪਰਖ (Previous Knowledge) :**

1. ਬੁੱਧ ਮੱਤ ਬਾਰੇ ਤੁਸੀਂ ਕੀ ਜਾਣਦੇ ਹੋ ?
2. ਬੁੱਧ ਮੱਤ ਦੇ ਕਿਹੜੇ ਕਿਹੜੇ ਅਸੂਲ ਹਨ ?
3. ਭਾਰਤ ਦੇ ਕੌਮੀ ਝੰਡੇ ਵਿਚ ਕਿੰਨੇ ਰੰਗ ਹਨ ?
4. ਕੌਮੀ ਝੰਡੇ ਦੇ ਵਿਚਕਾਰ ਚੱਕਰ ਦਾ ਨਿਸ਼ਾਨ ਕਿਸ ਕੋਲੋ ਆਇਆ ?

**ਭੂਮਿਕਾ (Introduction) :**

ਸੰਸਾਰ ਵਿਚ ਵਖੋ-ਵੱਖਰੇ ਧਰਮ ਜਿਵੇਂ ਸਿੱਖ ਧਰਮ, ਹਿੰਦੂ ਧਰਮ, ਬੁੱਧ ਮੱਤ, ਜੈਨ ਧਰਮ, ਮੁਸਲਿਮ ਧਰਤ ਅਤੇ ਈਸਾਈ ਧਰਮ ਆਦਿ ਹਨ। ਭਾਰਤ ਦੇ ਕੌਮੀ ਝੰਡੇ ਵਿਚ ਤਿੰਲ ਰੰਗ ਹਨ ਤੇ ਇਹ ਤਿੰਨੇ ਰੰਗ ਵੱਖੋ-ਵੱਖਰੀ ਮਹਾਨਤਾ ਦਰਸਾਉਂਦੇ ਹਨ। ਕੌਮੀ ਝੰਡੇ ਦੇ ਵਿਚਕਾਰ ਚੱਕਰ ਦਾ ਨਿਸ਼ਾਨ ਸਮਰਾਟ ਅਸ਼ੋਕ ਕੋਲੋ ਆਇਆ।

**ਉਪ-ਵਿਸ਼ੇ ਦਾ ਐਲਾਨ (Announcement of the Sub-Topic) :**

ਵਿਦਿਆਰਥੀਆਂ ਨੂੰ ਅਧਿਆਪਕ ਦੱਸੇਗਾ ਕਿ ਇਹ ਝੰਡੇ ਵਿਚਲਾ ਚੱਕਰ ਅਸ਼ੋਕ ਪਾਸੋਂ ਆਇਆ ਹੈ। ਸੋ ਪਿਆਰੇ ਬੱਚਿਓ, ਅੱਜ ਅਸੀਂ ਮਹਾਨ ਅਸ਼ੋਕ ਬਾਰੇ ਪੜ੍ਹਾਂਗੇ।

ਪਾਠ ਨੂੰ ਦੋ ਸੈਕਸ਼ਨਾਂ ਵਿਚ ਵੰਡਿਆ ਜਾਵੇਗਾ।

1. ਮਹਾਰਾਜਾ ਅਸ਼ੋਕ ਬਾਰੇ ਸਾਧਾਰਨ ਜਾਣਕਾਰੀ।
2. ਕਲਿੰਗਾ ਦਾ ਜਿੱਤ

| ਤੱਤ | ਵਿਸ਼ਾ ਵਸਤੂ | ਢੰਗ | ਬਲੈਕ ਬੋਰਡ ਸਾਰ |
|---|---|---|---|
| ਸਮਰਾਟ ਅਸ਼ੋਕ | ਤਿੰਨ ਰੰਗਾਂ ਦੀ ਮਹੱਤਤਾ ਦੱਸਦਾ ਕੌਮੀ ਝੰਡੇ ਦੇ ਵਿਚਕਾਰਲਾ ਵਿਸ਼ਾਲ ਮਹਾਰਾਜਾ ਅਸ਼ੋਕ ਪਾਸੋਂ ਆਇਆ। ਮਹਾਰਾਜਾ ਅਸ਼ੋਕ ਬਿੰਦੂਸਾਰ ਦਾ ਸਪੁੱਤਰ ਸੀ ਅਤੇ ਉਸ ਦੇ ਦਾਦੇ ਦਾ ਨਾਂ ਚੰਦਰਗੁਪਤ ਮੋਰੀਆ ਸੀ। ਬਿੰਦੂਸਾਰ ਦਾ ਸਭ ਤੋਂ ਵੱਡਾ ਪੁੱਤਰ ਸੀ, ਉਹ ਆਪਣੇ 98 ਭਰਾਵਾਂ ਨੂੰ ਮਾਰ ਕੇ ਜ਼ਬਰਦਸਤੀ ਤਖ਼ਤ ਤੇ ਬੈਠਾ ਸੀ। ਬਿੰਦੂਸਾਰ ਨੇ ਆਪਣੇ ਜਿਉਂਦੇ ਜੀ ਅਸ਼ੋਕ ਨੂੰ | ਵਿਦਿਆਰਥੀ ਅਧਿਆਪਨ ਸਮਰਾਟ ਅਸੋਕ ਬਾਰੇ ਦੱਸੇਗਾ। | ਮਹਾਰਾਜਾ ਅਸ਼ੋਕ ਦੇ ਪਿਤਾ ਦਾ ਨਾਂ ਬਿੰਦੂਸਾਰ ਸੀ ਅਤੇ ਦਾਦੇ ਦਾ ਨਾਂ ਚੰਦਰਗੁਪਤ ਮੋਰੀਆ ਸੀ। |

| | | | |
|---|---|---|---|
| | ਆਪਣਾ ਵਾਰਿਸ ਥਾਪ ਦਿੱਤਾ ਸੀ। ਕਿਉਂਕਿ ਉਹ ਸਭ ਭਰਾਵਾਂ ਵਿਚੋਂ ਜ਼ਿਆਦਾ ਸਮਝਦਾਰ ਪ੍ਰਬੰਧਕ ਸੀ। | | |

| **ਤੱਤ** | **ਵਿਸ਼ਾ ਵਸਤੂ** | **ਢੰਗ** | **ਬਲੈਕ ਬੋਰਡ ਸਾਰ** |
|---|---|---|---|
| ਅਸ਼ੋਕ ਦਾ ਸਾਮਰਾਜ | ਬਾਦਸ਼ਾਹ ਬਣਨ ਤੋਂ ਪਹਿਲਾਂ ਉਹ ਉਜੈਨ ਅਤੇ ਟੈਕਸਾਲਾ ਦਾ ਗਵਰਨਰ ਰਹਿ ਚੁੱਕਾ ਸੀ। ਮਹਾਰਾਜਾ ਅਸ਼ੋਕ ਦਾ ਸਾਮਰਾਜ ਕਾਫ਼ੀ ਦੂਰ ਤੱਕ ਫੈਲਿਆ ਹੋਇਆ ਸੀ। ਪਰ ਫਿਰ ਵੀ ਉਸ ਵਿਚ ਕਲਿੰਗ ਨੂੰ ਜਿੱਤਣ ਦੀ ਇੱਛਾ ਸੀ ਕਿਉਂਕਿ ਇਹ ਉਪਜਾਊ ਇਲਾਕਾ ਸੀ। | ਵਿਦਿਆਰਥੀ-ਅਧਿਆਪਕ ਨਕਸ਼ੇ ਦੀ ਵਰਤੋਂ ਕਰੇਗਾ। | ਮਹਾਰਾਜਾ ਅਸ਼ੋਕ ਉਜੈਨ ਅਤੇ ਟੈਕਸਲਾ ਦਾ ਗਵਰਨਰ ਸੀ |
| | ਅਸ਼ੋਕ ਨੇ 61 ਪੁ.ਈ. ਵਿਚ ਕਲਿੰਗ ਉੱਤੇ ਹਮਲਾ ਕਰ ਦਿੱਤਾ। ਇਸ ਸਥਾਨ ਉੱਤੇ ਬੜਾ ਭਿਆਨਕ ਯੁੱਧ ਹੋਇਆ ਜਿਸ ਵਿਚ 1,50,000 ਬੱਚੇ ਕੈਦ ਕੀਤੇ ਗਏ, 1,00,000 ਕਤਲ ਕੀਤੇ ਗਏ। ਇਨ੍ਹਾਂ ਖੂਨ ਖਰਾਬਾ ਵੇਖ ਕੇ ਅਸ਼ੋਕ ਦਾ ਮਨ ਦਹਿਲ ਗਿਆ। ਉਹ ਜਿਧਰ ਨਜ਼ਰ ਉਠਾ ਕੇ ਦੇਖਦਾ ਸੀ, ਉਸ ਨੂੰ ਲਾਸ਼ਾਂ ਹੀ ਲਾਸ਼ਾਂ ਨਜ਼ਰ ਆਉਂਦੀਆਂਸਨ। ਇੰਨੀ ਤਬਾਹੀ ਵੇਖ ਕੇ ਉਸ ਨੇ ਅੱਗੇ ਤੋਂ ਯੁੱਧ ਨਾ ਕਰਨ ਦਾ ਫੈਸਲਾ ਕੀਤਾ। ਬੁੱਧ ਮੱਤ ਧਾਰਣ ਕਰ ਲਿਆ। ਉਸ ਨੇ ਇਸ ਯੁੱਧ ਦੀ ਭਿਆਨਕਰਤਾ ਦਾ ਵਰਣਨ ਥੰਮਾਂ ਚਟਾਨਾਂ ਉੱਤੇ ਕਰਵਾਇਆ। | ਵਿਦਿਆਰਥੀ-ਅਧਿਆਪਕ ਪ੍ਰਸ਼ਨ ਉੱਤਰ ਨਿਪੁੰਨਤਾ ਦੀ ਵਰਤੋਂ ਕਰਦਾ ਹੋਇਆ। ਵਿਦਿਆਰਥੀ ਨੂੰ ਪ੍ਰਸ਼ਨ ਪੁੱਛੇਗਾ। ਦੋ ਦੇਸ਼ਾਂ ਵਿਚਕਾਰ ਯੁੱਧ ਹੋਣ ਨਾਲ ਕੀ ਹੁੰਦਾ ਹੈ ? ਵਿਦਿਆਰਥੀ-ਅਧਿਆਪਕ ਨਕਸ਼ੇ ਦੀ ਵਰਤੋਂ ਕਰੇਗਾ। | ਕਲਿੰਗ ਦੇ ਯੁੱਧ ਵਿਚ 15,00,000 ਆਦਮੀ ਕੈਦ 1,00,000 ਕਤਲ ਕੀਤੇ ਗਏ। |

**ਦੁਹਰਾਈ ਪ੍ਰਸ਼ਨ (Recapitulations) :**

1. ਅਸ਼ੋਕ ਦੇ ਪਿਤਾ ਦਾ ਕੀ ਨਾਂ ਸੀ ?
2. ਮਹਾਰਾਜਾ ਅਸ਼ੋਕ ਕਿੰਨ੍ਹਾਂ ਸਥਾਨਾਂ ਦਾ ਗਵਰਨਰ ਸੀ ? (ਨਕਸ਼ੇ ਉਪਰ ਦਿਖਾਉ)
3. ਮਹਾਰਾਜਾ ਅਸ਼ੋਕ ਕਲਿੰਗਾਂ ਨੂੰ ਕਿਉਂ ਜਿੱਤਣਾ ਚਾਹੁੰਦਾ ਸੀ ?
4. ਮਹਾਰਾਜਾ ਅਸ਼ੋਕ ਨੇ ਬੁੱਧ ਮੱਤ ਕਿਉਂ ਧਾਰਨ ਕੀਤਾ ?
5. ਵਿਦਿਆਰਥੀ ਨਕਸ਼ੇ ਉਪਰ ਕਲਿੰਗਾ ਦਾ ਸਥਾਨ ਦੱਸਣਗੇ।

**ਘਰ ਦਾ ਕੰਮ (Home Work) :**

1. ਪ੍ਰਸ਼ਨਾਂ ਦੇ ਉੱਤਰ ਦੋ ਜਾਂ ਤਿੰਨ ਲਾਇਨਾਂ ਵਿਚ ਦਿਓ।
   (ੳ) ਅਸ਼ੋਕ ਕਲਿੰਗਾ ਨੂੰ ਕਿਉਂ ਜਿੱਤਣਾ ਚਾਹੁੰਦਾ ਸੀ ?
   (ਅ) ਕਲਿੰਗਾ ਜਿੱਤਣ ਮਗਰੋਂ ਅਸ਼ੋਕ ਨੇ ਬੁੱਧ ਮੱਤ ਕਿਉਂ ਧਾਰਨ ਕੀਤਾ ?
2. ਭਾਰਤ ਦੇ ਰੇਖਾ ਨਕਸ਼ੇ ਵਿਚ ਕਲਿੰਗਾ ਦੇਸ਼, ਗੋਦਾਵਰੀ, ਉਜ਼ੈਨ ਅਤੇ ਟੈਕਸਲਾ ਭਰ ਕੇ ਲਿਆਓ।

**ਪਾਠ ਯੋਜਨਾ ਨੰ: 2**

ਵਿਦਿਆਰਥੀ-ਅਧਿਆਪਕ ਦਾ ਰੋਲ ਨੰ:..............................

| | | |
|---|---|---|
| ਵਿਸ਼ਾ | : | ਸਮਾਜਿਕ ਅਧਿਐਨ |
| ਉਪ-ਵਿਸ਼ਾ | : | ਦੱਖਣੀ ਅਮਰੀਕਾ (ਮੱਕੀ, ਕਣਕ, ਕਪਾਹ) |
| ਕਲਾਸ | : | ਸੱਤਵੀਂ |
| ਸਮਾਂ | : | 40 ਮਿੰਟ ਮਿਤੀ............................. |

**ਸਾਧਾਰਨ ਉਦੇਸ਼**

1. ਵਿਦਿਆਰਥੀਆਂ ਵਿਚ ਸਮਾਜਿਕ ਅਧਿਐਨ ਪ੍ਰਤੀ ਰੁਚੀ ਪੈਦਾ ਕਰਨਾ।
2. ਵਿਦਿਆਰਥੀਆਂ ਦੀ ਬੌਧਿਕ ਸ਼ਕਤੀ ਦੇ ਵਿਕਾਸ ਕਰਨਾ।
3. ਵਿਦਿਆਰਥੀਆਂ ਵਿਚ ਆਪਣੇ ਦੁਆਲੇ ਨੂੰ ਜਾਨਣ ਦੀ ਰੁਚੀ ਪੈਦਾ ਕਰਨਾ।
4. ਵਿਦਿਆਰਥੀਆਂ ਨੂੰ ਸੰਸਾਰ ਦੀ ਭੂਗੋਲਿਕ ਸਥਿਤੀ ਤੋਂ ਜਾਣੂ ਕਰਵਾਉਣਾ।

**ਵਿਸ਼ੇਸ਼ ਉਦੇਸ਼** : ਦੱਖਣੀ ਅਮਰੀਕਾ ਦੀ ਖੇਤੀਬਾੜੀ ਬਾਰੇ ਦੱਸਣਾ ਅਤੇ ਇਹ ਦੱਸਣਾ ਝੋਨਾ, ਕਣਕ, ਕਪਾਹ ਅਤੇ ਮੱਕੀ ਕਿੱਥੇ ਹੁੰਦੀ ਹੈ ?

**ਸਹਾਇਕ ਸਮੱਗਰੀ** : ਚਾਕ-ਬੋਰਡ, ਝਾੜਨ, ਦੱਖਣੀ ਅਮਰੀਕਾ ਦਾ ਨਕਸ਼ਾ, ਸੰਸਾਰ ਦਾ ਨਕਸ਼ਾ ਅਤੇ ਚਾਰਟ।

**ਪੜਾਉਣ ਦੀ ਵਿਧੀ** : ਲੈਕਚਰ ਵਿਧੀ ਤੋਂ ਪ੍ਰੋਜੈਕਟ ਵਿਧੀ।

**ਪੂਰਵਕ ਗਿਆਨ ਦੀ ਪਰਖ**

1. ਸੰਸਾਰ ਵਿਚ ਕਿੰਨੇ ਮਹਾਂਦੀਪ ਹਨ ?
2. ਅਸੀਂ ਕਿਹੜੇ ਮਹਾਂਦੀਪ ਵਿਚ ਰਹਿੰਦੇ ਹਾਂ ?
3. ਸਾਡੇ ਦੇਸ਼ ਵਿਚ ਕਿਹੜੀਆਂ ਫਸਲਾਂ ਹੁੰਦੀਆਂ ਹਨ ?

**ਭੂਮਿਕਾ** : ਜਿਸ ਤਰ੍ਹਾਂ ਸਾਡੇ ਦੇਸ਼ ਵਿਚ ਮੁੱਖ ਫਸਲਾਂ ਝੋਨਾ, ਕਣਕ, ਮੱਕੀ ਆਦਿਕ ਹਨ। ਇਸ ਤਰ੍ਹਾਂ ਦੱਖਣੀ ਅਮਰੀਕਾ ਵਿਚ ਵੀ ਕੁਝ ਫਸਲਾਂ ਉਗਾਈਆਂ ਜਾਂਦੀਆਂ ਹਨ। ਸੰਸਾਰ ਦੇ ਨਕਸ਼ੇ ਵਿਚ ਦੱਖਣੀ ਅਮਰੀਕਾ ਦਾ ਖੇਤਰ ਦਿਖਾਇਆ ਜਾਂਦਾ ਹੈ।

**ਉਪ-ਵਿਸ਼ੇ ਦਾ ਐਲਾਨ**

ਵਿਦਿਆਰਥੀ ਅਧਿਆਪਕ ਦੱਸੇਗਾ ਕਿ ਪਿਆਰੇ ਬੱਚਿਓ ! ਅੱਜ ਅਸੀਂ ਦੱਖਣੀ ਅਮਰੀਕਾ ਦੀਆਂ ਫਸਲਾਂ ਬਾਰੇ ਪੜ੍ਹਾਂਗੇ।

**ਪੇਸ਼ ਕਰਨਾ** :

| ਤੱਤ | ਵਿਸ਼ਾ ਵਸਤੂ | ਢੰਗ | ਬਲੈਕ ਬੋਰਡ ਸਾਰ | ਮੁਲਾਂਕਣ |
|---|---|---|---|---|
| ਦੱਖਣੀ ਅਮਰੀਕਾ ਦੀ ਖੇਤੀਬਾੜੀ | ਦੱਖਣੀ ਅਮਰੀਕਾ ਦੀ ਖੇਤੀਬਾੜੀ ਮਹੱਤਵਪੂਰਨ ਹੈ। ਇਥੋਂ ਦੀ ਮਿੱਟੀ ਉਪਜਾਊ ਹੈ ਜੋ ਦਰਿਆਵਾਂ ਰਾਹੀਂ ਲਿਆਂਦੀ ਹੋਈ ਹੈ ਤੇ ਇਸ ਦਾ ਬਹੁਤ ਭਾਗ ਊਸ਼ਣ ਖੰਡ ਵਿਚ ਹੈ ਜਿਥੇ ਵਰਖਾ ਜ਼ਿਆਦਾ ਹੁੰਦੀ ਹੈ। ਮੱਕੀ ਦੀ ਫਸਲ ਊਸ਼ਣ ਖੰਡੀ ਵਿਚ ਹੁੰਦੀ ਹੈ ਕਿਉਂਕਿ ਇਥੋਂ ਦਾ | ਮੱਕੀ ਦੀ ਫਸਲ ਲਈ ਕਿਹੋ ਜਿਹਾ ਜਲਵਾਯੂ ਚਾਹੀਦਾ ਹੈ। | ਦੱਖਣੀ ਅਮਰੀਕਾ ਦੀ ਮਿੱਟੀ ਉਪਜਾਊ ਹੈ। ਊਸ਼ਣ ਖੰਡੀ ਵਿਚ ਵਰਖਾ ਜ਼ਿਆਦਾ ਹੁੰਦੀ ਹੈ। ਮੱਕੀ ਦੀ ਫਸਲ ਊਸ਼ਣ ਖੰਡੀ ਵਿਚ ਹੁੰਦੀ ਹੈ। | ਦੱਖਣੀ ਅਮਰੀਕਾ ਦੀ ਮਿੱਟੀ ਕਿਹੋ ਜਿਹੀ ਹੈ ? |

| | | | | |
|---|---|---|---|---|
| ਮੱਕੀ | ਜਲਵਾਯੂ ਮੱਕੀ ਦੀ ਫਸਲ ਲਈ ਲਾਭਦਾਇਕ ਹੈ। ਮੱਕੀ ਦੀ ਖੇਤੀ ਗੋਆਨਾ ਕੋਲੰਬੀਆ ਪੇਰੂ, ਇਕਵੰਡੋਰ, ਮੱਧ ਚਿੱਲੀ, ਅਰਜਨਟਾਇਨਾ ਵਿਚ ਬੀਜੀ ਜਾਂਦੀ ਹੈ। | ਵਿਦਿਆਰਥੀ-ਅਧਿਆਪਕ ਦੱਖਣੀ ਅਮਰੀਕਾ ਦਾ ਰਾਜਨੀਤਿਕ ਨਕਸ਼ਾ ਦਿਖਾਏਗਾ | ਗੋਆਨਾ, ਕੋਲੰਬੀਆ, ਬੋਲਨੀਆਂ, ਪੇਰੂ, ਇਕਵੇਡੋਰ ਮੱਧ ਚਿੱਲੀ, ਅਰਜਨਟਾਇਨਾ | ਵਿਦਿਆਰਥੀ ਨਕਸ਼ੇ ਤੇ ਕੋਲੰਬੀਆ, ਬੋਲਨੀਆ, ਪੇਰੂ, ਇਕਵੇਡੋਰ ਮੱਧ ਚਿੱਲੀ, ਅਰਜਨਟਾਈਨਾਂ ਦਿਖਾਉਣ। |

| **ਤੱਤ** | **ਵਿਸ਼ਾ ਵਸਤੂ** | **ਢੰਗ** | **ਬਲੈਕ ਬੋਰਡ ਸਾਰ** | **ਮੁਲਾਂਕਣ** |
|---|---|---|---|---|
| ਝੋਨਾ | ਉਸ਼ਣ ਖੰਡ ਵਿਚ ਝੋਨਾ ਦੀ ਖੇਤੀ ਕੀਤੀ ਜਾਂਦੀ ਹੈ ਕਿਉਂਕਿ ਇਥੇ ਜ਼ਿਆਦਾ ਵਰਖਾ ਹੁੰਦੀ ਹੈ। ਚੋਲਾਂ ਦੀ ਖੇਤੀ ਦੇ ਮੁੱਖ ਦੇਸ਼ ਹਨ, ਬਰਾਜ਼ੀਲ, ਇਕਵੇਨਰ, ਕੋਲੰਬੀਆ, ਪੇਰੂ, ਚਿੱਲੀ। ਚੌਲ ਨਿਰਯਾਤ ਵੀ ਕੀਤੇ ਜਾਂਦੇ ਹਨ। ਕਣਕ ਸੀਤ ਉਸ਼ਣ ਦੇਸ਼ਾਂ ਵਿਚ ਪਾਈ ਜਾਂਦੀ ਹੈ। ਅਰਜਨਟਾਇਨਾਂ ਪੰਪਾਜ਼ ਦੇ ਮੈਦਾਨ ਅਤੇ ਰੂਮ ਸਾਗਰੀ ਖੰਡ ਵਿਚ ਉਗਾਈ ਜਾਂਦੀ ਹੈ। | ਵਿਦਿਆਰਥੀ-ਅਧਿਆਪਕ ਦੱਖਣੀ ਅਮਰੀਕਾ ਤੇ ਨਕਸ਼ੇ ਬਰਾਜ਼ੀਲ ਤੇ ਬਾਕੀ ਦਿਖਾਏਗਾ। ਝੋਨਾ ਦਿਖਾਇਆ ਜਾਵੇਗਾ। ਨਕਸ਼ੇ ਵਿਚ ਅਰਜਨਟਾਇਨਾ ਪੰਪਾਜ਼ ਦੇ ਮੈਦਾਨ ਰੂਮ ਸਾਗਰ ਖੰਡ ਦਿਖਾਏ ਜਾਣਗੇ। (ਕਣਕ) ਦਿਖਾਈ ਜਾਵੇਗੀ। | ਬਰਾਜ਼ੀਲ, ਇਕਵੇਡੋਰ, ਕੋਲੰਬੀਆ, ਪੈਰੂ, ਚਿੱਲੀ। ਅਰਜਨਟਾਇਨਾਂ ਪੰਪਾਜ਼ ਦੇ ਮੈਦਾਨ, ਰੂਮ ਸਾਗਰੀ ਖੰਡ | ਝੋਨਾ ਪੈਦਾ ਕਰਨ ਵਾਲੇ ਮੁੱਖ ਦੇਸ਼ ਕਿਹੜੇ-ਕਿਹੜੇ ਹਨ ? ਕਣਕ ਕਿਹੜੇ-ਕਿਹੜੇ ਦੇਸ਼ ਵਿਚ ਉਗਾਈ ਜਾਂਦੀ ਹੈ ? |
| ਕਪਾਹ | ਕਪਾਹ ਅਰਜਨਟਾਇਨਾਂ, ਬਰਾਜ਼ੀਲ ਵਿਚ ਪਾਈ ਜਾਂਦੀ ਹੈ ਤੇ ਇਸ ਤੋਂ ਇਲਾਵਾ ਪੈਰੂ ਚਿਲੀ ਵਿਚ ਵੀ ਕਪਾਹ ਦੀ ਖੇਤੀ ਪਾਈ ਜਾਂਦੀ ਹੈ। | ਵਿਦਿਆਰਥੀ-ਅਧਿਆਪਕ ਨਕਸ਼ੇ ਅਤੇ (ਕਪਾਹ) ਦੀ ਵਰਤੋਂ ਕਰੇਗਾ। | ਅਰਜਨਟਾਇਨਾਂ, ਬਰਾਜ਼ੀਲ ਪੈਰੂ, ਚਿੱਲੀ। | ਕਪਾਹ ਕਿਹੜੇ-ਕਿਹੜੇ ਦੇਸ਼ਾਂ ਵਿਚ ਪੈਦਾ ਹੁੰਦੀ ਹੈ ? |

**ਪੁਨਰ-ਦੁਹਰਾਈ ਪ੍ਰਸ਼ਨ**

1. ਦੱਖਣੀ ਅਮਰੀਕਾ ਵਿਚ ਕਿਹੜੀਆਂ ਫਸਲਾਂ ਪੈਦਾ ਕੀਤੀਆਂ ਜਾਂਦੀਆਂ ਹਨ ?
2. ਦੱਖਣੀ ਅਮਰੀਕਾ ਵਿਚ ਬਹੁਤੀਆਂ ਫਸਲਾਂ ਉੱਤਰੀ ਭਾਗਾਂ ਵਿਚ ਪੈਦਾ ਕੀਤੀਆਂ ਜਾਂਦੀਆਂ ਹਨ, ਕਿਉਂ?
3. ਮੱਕੀ ਕਿਹੜੇ ਦੇਸ਼ਾਂ ਵਿਚ ਪੈਦਾ ਕੀਤੀ ਜਾਂਦੀ ਹੈ ? ਨਕਸ਼ੇ ਤੇ ਦੱਸੋ ?
4. ਦੱਖਣੀ ਅਮਰੀਕਾ ਉਸ਼ਣ ਖੰਡ ਵਿਚ ਝੋਨਾ ਜ਼ਿਆਦਾ ਪੈਦਾ ਕੀਤਾ ਜਾਂਦਾ ਹੈ, ਇਸ ਦਾ ਕੀ ਕਾਰਨ ਹੈ ?

**ਘਰ ਦਾ ਕੰਮ**

ਦੱਖਣੀ ਅਮਰੀਕਾ ਦੇ ਰੇਖਾ ਨਕਸ਼ੇ ਵਿਚ ਮੱਕੀ, ਕਣਕ, ਚੌਲ ਅਤੇ ਕਪਾਹ ਪੈਦਾ ਕਰਨ ਵਾਲੇ ਦੇਸ਼ ਭਰ ਕੇ ਲਿਆਉ।

**ਪਾਠ ਯੋਜਨਾ ਨੰ : 3**

ਵਿਦਿਆਰਥੀ ਅਧਿਆਪਕ ਦਾ ਰੋਲ ਨੰ: ................................

ਵਿਸ਼ਾ : ਸਮਾਜਿਕ ਅਧਿਐਨ

ਉਪ-ਵਿਸ਼ਾ : ਰਾਸ਼ਟਰੀ ਏਕਤਾ ਦੀਆਂ ਰੁਕਾਵਟਾਂ

ਕਲਾਸ : ਛੇਵੀਂ

ਸਮਾਂ : 40 ਮਿੰਟ ਮਿਤੀ.......................

**ਸਾਧਾਰਨ ਉਦੇਸ਼**

1. ਵਿਦਿਆਰਥੀਆਂ ਵਿਚ ਸਮਾਜਿਕ ਅਧਿਐਨ ਪ੍ਰਤੀ ਰੁਚੀ ਪੈਦਾ ਕਰਨਾ।
2. ਵਿਦਿਆਰਥੀਆਂ ਨੂੰ ਰਾਜਨੀਤਿਕ ਢਾਂਚੇ ਦਾ ਗਿਆਨ ਪ੍ਰਦਾਨ ਕਰਨਾ।
3. ਵਿਦਿਆਰਥੀਆਂ ਨੂੰ ਲੋਕਤੰਤਰ ਤੇ ਡਿਕਟੇਟਰਸ਼ਿਪ ਤੋਂ ਜਾਣੂ ਕਰਵਾਉਣਾ।
4. ਵਿਦਿਆਰਥੀਆਂ ਨੂੰ ਚੰਗੇ ਨਾਗਰਿਕ ਬਣਾਉਣਾ।
5. ਵਿਦਿਆਰਥੀਆਂ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ ਪੈਦਾ ਕਰਨਾ।
6. ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਤੋਂ ਜਾਣੂ ਕਰਵਾਉਣਾ।

**ਵਿਸ਼ੇਸ਼ ਉਦੇਸ਼**

ਵਿਦਿਆਰਥੀਆਂ ਨੂੰ ਰਾਸ਼ਟਰੀ ਏਕਤਾ ਵਿਚ ਆਉਣ ਵਾਲੀਆਂ ਰੁਕਾਵਟਾਂ ਤੋਂ ਜਾਣੂ ਕਰਵਾਉਣ ਅਤੇ ਰਾਸ਼ਟਰੀ ਏਕਤਾ ਪ੍ਰਤੀ ਸੁਚੇਤ ਕਰਨਾ।

**ਪੜ੍ਹਾਉਣ ਦੀ ਵਿਧੀ** : ਲੈਕਚਰ ਵਿਧੀ ਅਤੇ ਸਮੱਸਿਆ ਵਿਧੀ।

**ਸਹਾਇਕ ਸਮੱਗਰੀ** : ਭਾਰਤ ਦਾ ਰਾਜਨੀਤਿਕ ਨਕਸ਼ਾ ਰਾਸ਼ਟਰੀ ਏਕਤਾ ਵਿਚ ਆਉਣ ਵਾਲੀਆਂ ਰੁਕਾਵਟਾਂ ਸੰਬੰਧੀ ਵੱਖ-ਵੱਖ ਚਾਰਟ, ਬਲੈਕ ਬੋਰਡ, ਚਾਕ ਤੇ ਝਾੜਨ।

**ਪੂਰਵ ਗਿਆਨ ਦੀ ਪਰਖ**

1. ਭਾਰਤ ਵਿਚ ਕਿੰਨੇ ਰਾਜ ਹਨ ?
2. ਕੀ ਸਾਰੇ ਰਾਜਾਂ ਦੀ ਭਾਸ਼ਾ ਇਕੋ ਹੈ ?
3. ਕੀ ਸਾਰੇ ਰਾਜਾਂ ਦਾ ਪਹਿਰਾਵਾਂ ਇਕੋ ਹੀ ਹੈ ?
4. ਉੱਤਰੀ ਭਾਰਤ ਵਿਚ ਕਿਹੜੇ ਕਿਹੜੇ ਧਰਮ ਪ੍ਰਚੱਲਤ ਹਨ ?
5. ਰਾਸ਼ਟਰੀ ਏਕਤਾ ਤੋਂ ਤੁਹਾਡਾ ਕੀ ਭਾਵ ਹੈ ?

**ਭੂਮਿਕਾ**

ਬੱਚਿਓ ਰਾਸ਼ਟਰੀ ਏਕਤਾ ਹੈ ਸਾਰੇ ਰਾਜਾਂ ਦਾ ਆਪਸ ਵਿਚ ਮਿਲਜੁਲ ਕੇ ਰਹਿਣਾ। ਸਾਰੇ ਦੇਸ਼ ਵਾਸੀਆਂ ਨੂੰ ਆਪਣੇ ਦੇਸ਼ ਦੇ ਵਿਕਾਸ ਲਈ ਸੋਚਣਾ ਚਾਹੀਦਾ ਹੈ। ਰਾਸ਼ਟਰੀ ਏਕਤਾ ਤੋਂ ਬਿਨਾਂ ਦੇਸ਼ ਉੱਨਤੀ ਨਹੀਂ ਕਰ ਸਕਦਾ ਅਤੇ ਬਾਹਰਲੇ ਦੇਸ਼ਾਂ ਤੋਂ ਹਮੇਸ਼ਾਂ ਖਤਰਾ ਬਣਿਆ ਰਹਿੰਦਾ ਹੈ।

**ਉਪ-ਵਿਸ਼ੇ ਦਾ ਐਲਾਨ**

ਸੋ ਪਿਆਰੇ ਬੱਚਿਓ, ਅੱਜ ਅਸੀਂ ਰਾਸ਼ਟਰੀ ਏਕਤਾ ਦੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਬਾਰੇ ਪੜ੍ਹਾਂਗੇ।

**ਪੇਸ਼ ਕਰਨਾ**

| ਤੱਤ | ਵਿਸ਼ਾ ਵਸਤੂ | ਢੰਗ | ਬਲੈਕ ਬੋਰਡ ਸਾਰ | ਮੁਲਾਂਕਣ |
|---|---|---|---|---|
| | ਭਾਰਤ ਵਿਚ ਅਜੇ ਰਾਸ਼ਟਰੀ ਏਕਤਾ ਦੀ ਭਾਵਨਾ ਉਨੀ ਵਿਕਸਿਤ ਨਹੀਂ ਹੋਣੀ ਜਿੰਨੀ ਹੋਣੀ ਚਾਹੀਦੀ ਸੀ। ਭਾਰਤ ਵਿਚ ਵੱਖ-ਵੱਖ ਧਰਮ, ਵੱਖ-ਵੱਖ ਭਾਸ਼ਾਵਾਂ ਵੱਖ-ਵੱਖ ਪਹਿਰਾਵੇ ਵਾਲੇ ਲੋਕ ਰਹਿੰਦੇ ਹਨ। ਸਮੇਂ ਸਮੇਂ ਸਿਰ ਕੋਈ ਨਾ ਕੋਈ ਰਾਸ਼ਟਰੀ ਏਕਤਾ ਵਿਚ ਰੁਕਾਵਟ ਬਣ ਰਹੀ ਹੈ। | | ਰਾਸ਼ਟਰੀ ਏਕਤਾ ਦੇ ਰਸਤੇ ਦੀਆਂ ਰੁਕਾਵਟਾਂ | |

| ਤੱਤ | ਵਿਸ਼ਾ ਵਸਤੂ | ਢੰਗ | ਬਲੈਕ ਬੋਰਡ ਸਾਰ | ਮੁਲਾਂਕਣ |
|---|---|---|---|---|
| ਪ੍ਰਾਂਤਵਾਦ | ਸਾਡੇ ਦੇਸ਼ ਵਿਚ ਰਾਸ਼ਟਰੀ ਏਕਤਾ ਦੇ ਰਸਤੇ ਵਿਚ ਵੱਡੀ ਰੁਕਾਵਟ ਪ੍ਰਾਂਤਵਾਦ ਹੈ। ਅਸੀਂ ਆਪਣੇ ਆਪ ਨੂੰ ਭਾਰਤ ਵਾਸੀ ਹੋਣ ਦੀ ਥਾਂ ਪੰਜਾਬੀ ਜਾਂ ਗੁਜਰਾਤੀ ਨੂੰ ਦੱਸਣ ਵਿਚ ਜ਼ਿਆਦਾ ਮਾਣ ਮਹਿਸੂਸ ਕਰਦੇ ਹਾਂ। | ਵਿਦਿਆਰਥੀ-ਅਧਿਆਪਕ ਭਾਰਤ ਦਾ ਰਾਜਨੀਤਿਕ ਨਕਸ਼ਾ ਵਿਖਾਏਗਾ ਤੇ ਵਰਣਨ ਕਰੇਗਾ। | 1. ਪ੍ਰਾਂਤਵਾਦ | ਪ੍ਰਾਂਤੀਵਾਦ ਤੋਂ ਤੁਹਾਡਾ ਕੀ ਮਤਲਬ ਹੈ ? |
| ਰਾਜਨੀਤਿਕ ਪਾਰਟੀਆਂ | ਰਾਜਨੀਤਿਕ ਪਾਰਟੀਆਂ ਵੀ ਰਾਸ਼ਟਰੀ ਏਕਤਾ ਦੇ ਰਸਤੇ ਵਿਚ ਵੱਡੀਆਂ ਰੁਕਾਵਟਾਂ ਹਨ। ਇਹ ਰਾਜਨੀਤਿਕ ਪਾਰਟੀਆਂ ਆਪਣੇ ਵੋਟਾਂ ਲੈਣ ਦੇ ਸੁਆਰਥ ਲਈ ਲੋਕਾਂ ਵਿਚ ਫੁੱਟ ਪਾਉਂਦੀਆਂ ਹਨ। | ਰਾਜਨੀਤਿਕ ਪਾਰਟੀਆਂ ਦਾ ਚਾਰਟ ਵਿਦਿਆਰਥੀ ਅਧਿਆਪਕ ਦਿਖਾਏਗਾ। | 2. ਰਾਜਨੀਤਿਕ ਪਾਰਟੀਆਂ | ਰਾਜਨੀਤਿਕ ਪਾਰਟੀਆਂ ਲੋਕਾਂ ਵਿਚ ਫੁੱਟ ਕਿਉਂ ਪਾਉਂਦੀਆਂ ਹਨ ? |
| ਜਾਤੀ ਪ੍ਰਥਾ | ਜਾਤੀ ਪ੍ਰਥਾ ਵੀ ਦੇਸ਼ ਵਿਚ ਕਾਫੀ ਪ੍ਰਚਲਤ ਹੈ ਤੇ ਇਹ ਰਾਸ਼ਟਰੀ ਏਕਤਾ ਦੇ ਰਸਤੇ ਦੀ ਵੱਡੀ ਰੁਕਾਵਟ ਹੈ। ਆਪਣੀ ਜਾਤੀ ਦੇ ਲੋਕਾਂ ਦੀ ਭਲਾਈ ਲਈ ਦੂਸਰੀ ਜਾਤ ਦੇ | ਵਿਦਿਆਰਥੀ-ਅਧਿਆਪਕ ਬੱਚਿਆਂ ਨੂੰ ਪੁੱਛੇਗਾ ਕਿ ਜਾਤੀ ਪ੍ਰਥਾ ਤੋਂ ਕੀ ਸਮਝਦੇ ਹੋ? | 3. ਜਾਤੀ ਪ੍ਰਥਾ | ਰਾਸ਼ਟਰੀ ਏਕਤਾ ਵਿਚ ਜਾਤੀ ਪ੍ਰਥਾ ਵੱਡੀ ਰੁਕਾਵਟ ਹੈ ਕਿਵੇਂ ? |
| ਧਰਮ | ਲੋਕਾਂ ਦੀ ਸਾਰੇ ਦੇਸ਼ ਵਿਚ ਧਾਰਮਿਕ ਕੱਟੜਤਾ ਵੱਡੀ ਰੁਕਾਵਟ ਹੈ ਰਾਸ਼ਟਰੀ ਏਕਤਾ ਵਿਚ ਧਰਮ ਦੇ ਨਾਂ ਤੇ ਵੰਡ ਤੇ ਦੰਗੇ ਫਸਾਦ ਚਲਦੇ ਰਹਿੰਦੇ ਹਨ। | ਵੱਖ-ਵੱਖ ਧਰਮਾਂ ਦਾ ਚਾਰਟ ਦਿਖਾਇਆ ਜਾਵੇਗਾ। | 4. ਧਾਰਮਿਕ ਕੱਟੜਤਾ | ਰਾਸ਼ਟਰੀ ਏਕਤਾ ਵਿਚ ਧਾਰਮਿਕ ਕੱਟੜਤਾ ਰੁਕਾਵਟ ਹੈ ਕਿਵੇਂ ? |
| ਭਾਸ਼ਾ | ਭਾਸ਼ਾ ਸਮੱਸਿਆ ਵੀ ਰਾਸ਼ਟਰੀ ਏਕਤਾ ਦੀ ਰੁਕਾਵਟ ਹੈ ਸਾਡੇ ਦੇਸ਼ 'ਚ ਅਨੇਕਾਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਭਾਸ਼ਾ ਦੇ ਆਧਾਰ ਤੇ ਰਾਸ਼ਟਰ ਦੀ ਵੰਡ ਕੀਤੀ ਜਾ ਰਹੀ ਹੈ। ਰਾਸ਼ਟਰੀ ਏਕਤਾ ਦੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਦੂਰ ਕਰਨੀਆਂ ਚਾਹੀਦੀਆਂ ਹਨ। ਹਰ ਇਕ ਭਾਰਤੀ ਨਾਗਰਿਕ ਦਾ ਫਰਜ ਹੈ ਕਿ ਰਾਸ਼ਟਰੀ ਗੀਤ ਦਾ ਸਤਿਕਾਰ ਕਰੇ ਅਤੇ ਭਾਰਤੀ ਸੰਵਿਧਾਨ ਦਾ ਪਾਲਨ ਕਰੇ। | ਭਾਰਤ ਵਿਚ ਕਿਹੜੀਆਂ ਕਿਹੜੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ? | 5. ਭਾਸ਼ਾ | ਕੀ ਭਾਸ਼ਾ ਰਾਸ਼ਟਰੀ ਏਕਤਾ ਵਿਚ ਰੁਕਾਵਟ ਹੈ ? |

**2.3.7 ਸਾਰ** : ਜਦੋ ਅਧਿਆਪਕ ਕਿਸੇ ਵੀ ਜਮਾਤ ਦਾ ਸਮਾਜਿਕ ਸਿਖਿਆ ਦਾ ਪਾਠਕ੍ਰਮ ਤਿਆਰ ਕਰਦਾ ਹੈ ਤਾ ਉਸ ਨੂੰ ਉਪਰੋਕਤ ਰਚਨਾ ਨੂੰ ਧਿਆਨ ਵਿਚ ਰੱਖ ਕੇ ਤਿਆਰ ਕਰਨਾ ਚਾਹੀਦਾ ਹੈ। ਇਸ ਉਪਰੰਤ ਪਾਠ ਯੋਜਨਾ ਕੀਤੀ ਜਾਦੀ ਹੈ। ਜੇਕਰ ਯੋਜਨਾ ਸਹੀ ਢੰਗ ਨਾਲ ਕੀਤੀ ਜਾਂਵੇ ਤਾਂ ਇਹ ਅਧਿਆਪਕ ਨੂੰ ਆਪਣਾ ਅਧਿਆਪਨ ਪ੍ਰਭਾਵਸਾਲੀ ਬਣਾਉਣ ਵਿਚ ਮਦਦ ਕਰਦੀ ਹੈ।

**2.3.8 ਮੁੱਖ ਨੁਕਤੇ**: ਪਾਠ ਯੋਜਨਾ ਦਾ ਅਰਥ, ਮਹੱਤਵ, ਸਿਧਾਂਤ, ਉਦੇਸ, ਪੜਾਅ ਜਾਂ ਕਦਮ।

**2.3.9 ਦੁਹਰਾਈ ਪ੍ਰਸ਼ਨ**

1. ਰਾਸ਼ਟਰੀ ਏਕਤਾ ਦੇ ਰਸਤੇ ਵਿਚ ਕਿਹੜੀਆਂ ਕਿਹੜੀਆਂ ਰੁਕਾਵਟਾਂ ਆਉਂਦੀਆਂ ਹਨ ?
2. ਕੀ ਰਾਸ਼ਟਰੀ ਏਕਤਾ ਦੇ ਰਸਤੇ ਵਿਚ ਧਾਰਮਿਕ ਕੱਟੜਤਾ ਵੱਡੀ ਰੁਕਾਵਟ ਹੈ ?
3. ਰਾਜਨੀਤਿਕ ਪਾਰਟੀਆਂ ਰਾਸ਼ਟਰੀ ਏਕਤਾ ਦੇ ਰਾਹ ਵਿਚ ਰੋੜਾ ਹਨ ? ਕਿਵੇਂ ?
4. ਭਾਸ਼ਾਵਾਦ ਅਤੇ ਪ੍ਰਾਂਤਵਾਦ ਦੀਆਂ ਭਾਵਨਾਵਾਂ ਤੋਂ ਕਿਵੇਂ ਛੁਟਕਾਰਾ ਪਾਇਆ ਜਾ ਸਕਦਾ ਹੈ ?

**ਘਰ ਦਾ ਕੰਮ**

'ਭਾਰਤ ਵਿਚ ਰਾਸ਼ਟਰੀ ਏਕਤਾ ਨੂੰ ਕਿਸ ਤਰ੍ਹਾਂ ਵਿਕਸਿਤ ਕੀਤਾ ਜਾ ਸਕਦਾ ਹੈ।' - ਆਪਣੇ ਸੁਝਾਅ ਲਿਖੋ ?

**2.3.10 ਅਭਿਆਸ ਪ੍ਰਸ਼ਨ**

1. ਪਾਠ ਯੋਜਨਾ ਤੋਂ ਤੁਹਾਡਾ ਕੀ ਭਾਵ ਹੈ ? ਪਾਠ-ਯੋਜਨਾ ਦੀ ਮਹੱਤਤਾ ਦੱਸੋ ?
2. ਪਾਠ ਯੋਜਨਾ ਦੇ ਕਿਹੜੇ-ਕਿਹੜੇ ਉਦੇਸ਼ ਹਨ ? ਪਾਠ-ਯੋਜਨਾ ਦੇ ਵੱਖ-ਵੱਖ ਪੜਾਵਾਂ ਬਾਰੇ ਵਿਸਥਾਰ ਵਿਚ ਲਿਖੋ ?
3. ਸਮਾਜਿਕ ਅਧਿਐਨ ਵਿਸ਼ੇ ਦਾ ਕਿਸੇ ਵੀ ਸ਼੍ਰੇਣੀ ਦਾ ਉਪ-ਵਿਸ਼ਾ ਚੁਣ ਕੇ ਪਾਠ ਯੋਜਨਾ ਤਿਆਰ ਕਰੋ ?
4. ਪਾਠ ਯੋਜਨਾ ਤਿਆਰ ਕਰਦੇ ਸਮੇਂ ਕਿਨ੍ਹਾਂ-ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ?

**2.3.11 Suggested Books:**

1. ਕੋਛੜ, ਐਮ.ਕੇ. ਸਮਾਜਿਕ ਸਿੱਖਿਆ ਦਾ ਅਧਿਐਨ (ਅੰਗਰੇਜ਼ੀ)
2. ਅਗਰਵਾਲ ਜੇ.ਸੀ. ਸਮਾਜਿਕ ਸਿੱਖਿਆ ਦਾ ਅਧਿਐਨ (ਅੰਗਰੇਜ਼ੀ)
3. ਸੰਧੂ ਪੀ.ਕੇ.(2003) ਸਮਾਜਿਕ ਸਿੱਖਿਆਂ ਦਾ ਅਧਿਐਨ (ਪੰਜਾਬੀ)

ਪਾਠ ਨੰ : 2.4 ਲੇਖਕ : ਡਾ. ਪਰਮਜੀਤ ਕੌਰ ਸੰਧ

2.4.1 ਉਦੇਸ਼
2.4.2 ਜਾਣ-ਪਛਾਣ (Introduction)
2.4.3 ਅਧਿਆਪਨ ਜੁਗਤਾਂ ਦਾ ਅਰਥ (Meaning of Teaching Devices)
2.4.4 ਪ੍ਰਮੁੱਖ ਅਧਿਆਪਨ ਜੁਗਤਾਂ (Major Teaching Devices)
2.4.5 ਅਸਾਈਨਮੈਂਟ ਜੁਗਤ
2.4.6 ਪ੍ਰਸ਼ਨ ਪੁੱਛਣਾ (Questioning)
2.4.7 ਦ੍ਰਿਸਟਾਂਤ ਜੁਗਤ (Illustration Device)
2.4.8 ਸਪੱਸ਼ਟ ਕਰਨਾ (Exposition)
2.4.9 ਕਹਾਣੀ ਸੁਣਾਉਣ ਵਿਧੀ (Story Telling Method)
2.4.10 ਸਮੱਸਿਆ ਵਿਧੀ (Problem Method)
2.4.11 ਸਾਰ (Summary)
2.4.12 ਮੁੱਖ ਨੁਕਤੇ
2.4.13 ਸਵੈ ਮੁਲਾਂਕਣ ਅਭਿਆਸ
2.4.14 ਅਭਿਆਸ ਪ੍ਰਸ਼ਨ
2.4.15 ਸੁਝਾਈਆਂ ਗਈਆਂ ਪੁਸਤਕਾਂ

**2.4.1 ਉਦੇਸ਼: ਪਾਠ ਪੜ੍ਹਨ ਤੋ ਬਾਅਦ ਵਿਦਿਆਰਥੀ ਸਮਰੱਥ ਹੋ ਜਾਣਗੇ:**

- **ਅਧਿਆਪਨ ਜੁਗਤਾਂ ਦੇ ਅਰਥ ਤੋ ਜਾਣੂ।**
- **ਪ੍ਰਮੁੱਖ ਅਧਿਆਪਨ ਜੁਗਤਾਂ ਤੋ ਜਾਣੂ।**
- **ਅਧਿਆਪਨ ਜੁਗਤਾਂ ਦੀਆਂ ਵਿਸ਼ੇਸਤਾਵਾਂ ਤੋ ਜਾਣੂ।**

**2.4.2 ਜਾਣ-ਪਛਾਣ**

ਅਧਿਆਪਨ ਦੇ ਮੁਕਾਬਲੇ ਵਿਚ ਭਾਂਵੇਂ ਸਿੱਖਿਆ ਵਿਸ਼ਾਲ ਹੈ, ਪਰ ਅਧਿਆਪਨ ਵੀ ਸਿੱਖਿਆ ਦਾ ਅਟੁੱਟ ਅੰਗ ਹੈ। ਪੜ੍ਹਾਉਣ ਦੇ ਵਿਗਿਆਨ ਨੂੰ ਅਧਿਆਪਨ ਕਿਹਾ ਜਾਂਦਾ ਹੈ। ਅਧਿਆਪਨ ਇਕ ਨਿਪੁੰਨਤਾਪੂਰਵਕ ਕਾਰਜ ਹੈ। ਅਧਿਆਪਕ, ਆਪਣੇ ਅਧਿਆਪਨ ਕਾਰਜ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਵੱਖ ਵੱਖ ਪ੍ਰਕਾਰ ਦੀਆਂ ਯੋਗਤਾਵਾਂ, ਸਮੱਰਥਾਵਾਂ ਅਤੇ ਨਿਪੁੰਨਤਾਵਾਂ ਦੀ ਵਰਤੋਂ ਕਰਦਾ ਹੈ। ਉਹ ਪਾਠ ਪੜ੍ਹਾਉਣ ਦੇ ਉਦੇਸ਼ ਨਿਰਧਾਰਿਤ ਕਰਦਾ ਹੈ ਤੇ ਫਿਰ ਉਹ ਇਹਨਾਂ ਮਿਥੇ ਉਦੇਸ਼ਾਂ ਦੀ ਪ੍ਰਾਪਤੀ ਲਈ ਕਈ ਢੰਗ, ਸਾਧਨਾਂ ਅਤੇ ਹੁਨਰਾਂ ਦੀ ਵਰਤੋਂ ਕਰਦਾ ਹੈ। ਅਧਿਆਪਨ ਵਿਗਿਆਨ ਦੀ ਭਾਸ਼ਾ ਵਿਚ ਇਹਨਾਂ ਸਾਧਨਾਂ ਨੂੰ ਜੁਗਤਾਂ ਕਿਹਾ ਜਾਂਦਾ ਹੈ।

## 2.4.3 ਅਧਿਆਪਨ ਜੁਗਤਾਂ ਦਾ ਅਰਥ (Meaning of Teaching Devices)

ਪੜ੍ਹਾਉਣਾ ਇਕ ਕਲਾ ਹੈ, ਇਸ ਕਲਾਂ ਵਿਚ ਪ੍ਰਬੀਨਤਾ ਹਾਸਿਲ ਕਰਨ ਲਈ ਅਧਿਆਪਕ ਉਚਿਤ ਵਾਤਾਵਰਨ, ਲੋੜੀਦੀ ਸਹਾਇਕ ਸਮੱਗਰੀ ਇੱਕਠੀ ਕਰਦਾ ਹੈ ਤੇ ਢੁਕਵੇ ਸਮੇ ਅਨੁਸਾਰ ਇਹਨਾਂ ਦੀ ਵਰਤੋ ਕਰਦਾ ਹੈ ਜੋ ਅਧਿਆਪਕ ਆਪਣੇ ਅਧਿਆਪਨ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਉਪਯੋਗੀ ਬਣਾਉਣ ਲਈ ਵਰਤਦਾ ਹੈ। ਏ.ਐਚ. ਗਾਰਲਿਕ ਦੇ ਅਨੁਸਾਰ, ''ਅਧਿਆਪਨ ਜੁਗਤਾਂ ਅਧਿਆਪਕ ਦੇ ਔਜ਼ਾਰ ਹਨ ਤੇ ਜੇਕਰ ਕਾਰਜ ਚੰਗੀ ਤਰ੍ਹਾਂ ਕਰਨਾ ਹੈ ਤਾਂ ਉਚਿਤ ਔਜ਼ਾਰਾਂ ਦੀ ਵਰਤੋਂ, ਸਹੀਂ ਤਰੀਕੇ ਨਾਲ ਕਰਨੀ ਜ਼ਰੂਰੀ ਹੈ।'' ("Teaching devices are the teacher's tool and if good work is to be produced the right tools must be used in the right way".--A.H. Garlick) ਇਕ

ਅਧਿਆਪਕ ਆਪਣੇ ਅਧਿਆਪਨ ਕਾਰਜ ਦੌਰਾਨ ਉਦੇਸ਼ਾਂ ਦੀ ਪ੍ਰਾਪਤੀ ਲਈ ਸੰਬੰਧਤ ਵਿਸ਼ਾ-ਵਸਤੂ ਨੂੰ ਸਮਝਾਉਣ ਲਈ ਕਦੇ ਵਿਆਖਿਆ ਕਰਦਾ ਹੈ, ਕੁਝ ਕੁ ਵਰਣਨ ਕਰਦਾ ਹੈ, ਕੁਝ ਤੱਥ ਸ਼ਪਸ਼ਟ ਕਰਦਾ ਏ, ਪ੍ਰਸ਼ਨ ਪੁਛਦਾ ਅਤੇ ਆਪਣੇ ਵਿਦਿਆਰਥੀਆਂ ਨੂੰ ਵਿਚਾਰ-ਵਟਾਂਦਰੇ ਅਤੇ ਵਿਚਾਰ ਗੋਸ਼ਟੀਆਂ ਵਿਚ, ਉਹਨਾ ਸਮੂਲੀਅਤ ਦਾ ਕੰਮ ਦਿੰਦਾ ਹੈ, ਤਾਂ ਅਧਿਆਪਕ ਵਖੋ ਵੱਖ ਸਾਧਨਾਂ ਜਾਂ ਤਕਨੀਕਾਂ ਦੀ ਵਰਤੋਂ ਕਰ ਰਿਹਾ ਹੁੰਦਾ ਹੈ ਤਾਂ ਇਸ ਅਧਿਆਪਨ ਪ੍ਰਣਾਲੀ ਵਿਚ ਉਹ ਅਧਿਆਪਨ ਜੁਗਤਾਂ ਦੀ ਵਰਤੋਂ ਕਰ ਰਿਹਾ ਹੁੰਦਾ ਹੈ। ਸੋ ਇਸ ਤਰ੍ਹਾਂ ਅਧਿਆਪਨ ਜੁਗਤਾਂ ਤੋਂ ਭਾਵ ਉਹਨਾਂ ਵਿਸ਼ੇਸ਼ ਯੋਜਨਾਵਾਂ ਅਨੁਸਾਰ ਕਾਰਜ ਪ੍ਰਣਾਲੀਆਂ, ਸਾਧਨਾਂ, ਤਰਕੀਬਾਂ ਅਤੇ ਨਿਪੁੰਨਤਾਵਾਂ ਦੀ ਵਰਤੋਂ ਤੋਂ ਹੁੰਦਾ ਹੈ ਜਿੰਨ੍ਹਾਂ ਦੀ ਇਕ ਅਧਿਆਪਕ ਉਚਿਤ ਸਮੇਂ ਅਨੁਸਾਰ ਆਪਣੇ ਅਧਿਆਪਨ ਦੌਰਾਨ ਇਸ ਲਈ ਵਰਤਦਾ ਹੈ ਤਾਂ ਜੋ ਉਹ ਅਧਿਆਪਨ ਉਦੇਸ਼ਾਂ ਦੀ ਪ੍ਰਾਪਤੀ ਸਫਲਤਾਪੂਰਵਕ ਕਰ ਸਕੇ। ਅਧਿਆਪਨ ਨੇ ਪ੍ਰਭਾਵਸ਼ਾਲੀ ਬਣਾਉਣ ਲਈ ਉਚਿਤ ਸਾਧਨਾਂ ਦੀ ਉਚਿਤ ਸਮੇਂ ਉਪਰ ਵਰਤੋਂ ਕਰਨਾ ਅਧਿਆਪਨ ਜੁਗਤਾਂ ਅਖਵਾਉਂਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਅਧਿਆਪਨ ਜੁਗਤਾਂ ਕਿਹੜੀਆਂ-ਕਿਹੜੀਆਂ ਹਨ?

## 2.4.4 ਪ੍ਰਮੁੱਖ ਅਧਿਆਪਨ ਜੁਗਤਾਂ

**(Major Teaching Devices)**

1. ਪ੍ਰਸ਼ਨ-ਪੁਛਣਾ, ਉੱਤਰ ਦੇਣਾ (Questioning and answering)
2. ਬਿਰਤਾਂਤ ਕਰਨਾ (Narration)
3. ਰੋਲ ਨਿਭਾਉ (Role play)
4.. ਵਰਨਣ ਕਰਨਾ (Descriptive)
5. ਸਪੱਸ਼ਟ ਕਰਨਾ (Exposition)
6. ਦ੍ਰਿਸ਼ਟਾਂਤ ਕਰਨਾ (Illustration)
7. ਕਹਾਣੀ ਸੁਣਾਉਣਾਂ (story telling)
8. ਸਮੱਸਿਆ ਵਿਧੀ (problem method)
9. ਖੇਤਰੀ ਵਿਧੀ (Field trip)
10. ਆਗਮਨ ਵਿਧੀ (Inductive method)
11. ਅਸਾਈਨਮੈਂਟ (Assignment)

ਉਪਰ ਦਿੱਤੀਆਂ ਗਈਆਂ ਜੁਗਤਾਂ ਵਿਚੋਂ ਕੁਝ ਕੁ ਵਰਣਨ ਹੇਠ ਲਿਖੇ ਅਨੁਸਾਰ ਹੈ :-

## 2.4.5 ਅਸਾਈਨਮੈਂਟ ਜੁਗਤ

ਅਸਾਈਨਮੈਂਟ ਤੋਂ ਭਾਵ ਵਿਦਿਆਰਥੀ ਜਾਂ ਕਲਾਸ ਨੂੰ ਕੁਝ ਕੰਮ ਘਰੋਂ ਕਰਨ ਲਈ ਦਿੱਤਾ ਜਾਂਦਾ ਹੈ। ਇਸ; ਜੁਗਤ ਰਾਹੀਂ ਵਿਦਿਆਰਥੀ ਨੇ ਜੋ ਪੜਿਆ ਹੁੰਦਾ ਹੈ ਉਸਨੂੰ ਨਾਲ ਸੰਬੰਧਤ ਹੋਰ ਪੜ੍ਹਨ ਸਮੱਗਰੀ ਨੂੰ ਇਕਠਾ ਕਰਨ ਅਤੇ ਪੜਨ ਲਈ ਦਿੱਤਾ ਜਾਂਦਾ ਹੈ। ਅਸਾਈਨਮੈਂਟ ਉਸ ਨੂੰ ਕਿਹਾ ਜਾਂਦਾ ਹੈ ਜੋ ਉਪ-ਵਿਸ਼ਾ ਅਧਿਆਪਕ ਵਿਦਿਆਰਥੀ ਨੂੰ ਦਿੰਦਾ ਹੈ ਤੇ ਵਿਦਿਆਰਥੀ ਉਸਦਾ ਡੂੰਘਾ ਅਧਿਐਨ ਕਰਕੇ, ਉਸ ਉਪ-ਵਿਸ਼ੇ ਬਾਰੇ ਪੂਰਾ ਪਰਚਾ ਤਿਆਰ ਕਰਕੇ ਲਿਆਉਂਦਾ ਹੈ। ਇਸ ਜੁਗਤ ਰਾਹੀਂ ਵਿਦਿਆਰਥੀ ਸਵੈ-ਯਤਨਾਂ ਰਾਹੀਂ ਗਿਆਨ ਪ੍ਰਾਪਤ ਕਰਦੇ ਅਤੇ ਸਮੱਸਿਆ ਦਾ ਸਮਾਧਾਨ ਕਰਦੇ ਹਨ। ਅਧਿਆਪਕ ਦੀ ਭੂਮਿਕਾ, ਇਸ ਜੁਗਤ ਵਿਚ ਅਗਵਾਈਕਰਤਾ ਵਾਲੀ ਹੀ ਹੁੰਦੀ ਹੈ। ਸੋ ਅਸਾਈਨਮੈਂਟ ਜੁਗਤ ਤੋਂ ਭਾਵ ਹੈ ਜੋ ਵਿਦਿਆਰਥੀਆਂ ਨੂੰ ਪਹਿਲਾਂ ਪੜ੍ਹਾਇਆ ਜਾ ਚੁੱਕਾ ਉਸ ਬਾਰੇ ਪੜ੍ਹਨ ਸਮੱਗਰੀ ਨੂੰ ਇੱਕਠਾ ਤੇ ਸੰਗਠਤ ਕਰਨਾ ਹੈ।

### * ਚੰਗੀਆਂ ਅਸਾਈਨਮੈਂਟ ਦੀਆਂ ਵਿਸ਼ੇਸ਼ਤਾਵਾਂ

(1) ਇਹ ਲਾਭਦਾਇਕ ਅਤੇ ਨਿਸ਼ਚਿਤ ਹੋਣੀ ਚਾਹੀਦੀ ਹੈ।
(2) ਇਹ ਕੁਝ ਸੋਚਣ ਤੇ ਸਿੱਖਣ ਨੂੰ ਉਤੇਜਤ ਕਰਨ ਵਾਲੀ ਹੋਣੀ ਚਾਹੀਦੀ ਹੈ।
(3) ਇਹ ਰੌਚਕ ਅਤੇ ਪ੍ਰਰਨਾਦਾਇਕ ਹੋਣੀ ਚਾਹੀਦੀ ਹੈ।
(4) ਇਹ ਪੁਰਾਣੇ ਅਤੇ ਪਹਿਲਾਂ ਪੜ੍ਹ ਚੁੱਕੇ ਉੱਪ-ਵਿਸ਼ਿਆਂ ਨਾਲ ਸੰਬੰਧਤ ਹੋਣੀ ਚਾਹੀਦੀ ਹੈ।
(5) ਇਹ ਵਿਸ਼ਾ-ਵਸਤੂ ਦੀ ਸਮਝ ਅਤੇ ਅੰਤਰ ਦ੍ਰਿਸ਼ਟੀ ਦਾ ਵਿਕਾਸ ਕਰਨ ਵਾਲੀ ਹੋਣੀ ਚਾਹੀਦੀ ਹੈ।

(6) ਇਹ ਮੁਸ਼ਕਲਾਂ ਨੂੰ ਹੱਲ ਕਰਨ ਅਤੇ ਸਿੱਖਣ ਕਿਰਿਆਵਾਂ ਨੂੰ ਨਿਰਦੇਸ਼ ਦੇਣ ਵਾਲੀ ਹੋਣੀ ਚਾਹੀਦੀ ਹੈ।

* **ਅਸਾਈਨਮੈਂਟ ਦੇ ਉਦੇਸ਼ :** ਅਸਾਈਨਮੈਂਟ ਦੇਣ ਦੇ ਹੇਠ ਲਿਖੇ ਉਦੇਸ਼ ਹਨ :

(1) ਅਸਾਈਨਮੈਂਟ ਵਿਦਿਆਰਥੀਆਂ ਵਿੱਚ ਰੁਚੀ ਅਤੇ ਧਿਆਨ ਪੈਦਾ ਕਰਨ ਲਈ ਅਤੇ ਆਪਣੇ ਆਪ ਪੜ੍ਹਨ ਲਈ ਪ੍ਰੇਰਨਾ ਪ੍ਰਦਾਨ ਕਰਦਾ ਹੈ।

(2) ਇਹ ਵਿਦਿਆਰਥੀਆਂ ਵਿੱਚ ਪ੍ਰਭਾਵਸ਼ਾਲੀ ਪੜ੍ਹਨ ਦੀ ਆਦਤਾਂ ਦਾ ਵਿਕਾਸ ਕਰਦੀ ਹੈ।

(3) ਕਲਾਸ ਵਿੱਚ ਪੜਾਏ ਗਏ ਵਿਸ਼ਾ-ਵਸਤੂ ਦੇ ਨਾਲ ਵਾਧੂ ਪੜ੍ਹਨ ਸਮਗਰੀ ਇਕੱਠਾ ਕਰਨ ਤੇ ਪੜ੍ਹਨ ਲਈ ਤਿਆਰ ਕਰਦੀ ਹੈ।

* **ਅਸਾਈਨਮੈਂਟ ਲਈ ਸਮੱਗਰੀ**

ਅਸਾਈਨਮੈਂਟ ਲਈ ਪੜ੍ਹਨ ਸੱਮਗਰੀ ਵਿਦਿਆਰਥੀਆਂ ਦੀਆਂ ਲੋੜਾਂ ਅਨੁਸਾਰ ਹੋਣੀ ਚਾਹੀਦੀ ਹੈ। ਅਧਿਆਪਕ ਨੂੰ ਵੀ ਅਸਾਈਨਮੈਂਟ ਲਈ ਪਾਠ-ਪੁਸਤਕਾਂ, ਰੈਫਰੈਂਸ, ਕਿਤਾਬਾਂ, ਨਕਸ਼ੇ, ਚਾਰਟ, ਤਸਵੀਰਾਂ ਅਤੇ ਹੋਰ ਪੜ੍ਹਨ ਸਮੱਗਰੀ ਬਾਰੇ ਦੱਸਣਾ ਚਾਹੀਦਾ ਹੈ।

## ਅਸਾਈਨਮੈਂਟ ਦਾ ਮੁਲਾਂਕਣ (Evaluation of the Assignment)

ਅਧਿਆਪਕ ਨੂੰ ਉਸਾਰੂ ਤੇ ਸਕਾਰਤਮਿਕ ਨਤੀਜੇ ਦੇਣ ਲਈ ਅਸਾਈਨਮੈਂਟ ਦਾ ਮੁਲਾਂਕਣ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਹੋਰ ਪੜ੍ਹਨ ਲਈ ਉਤਸ਼ਾਹਿਤ ਕਰਨ ਵੀ ਅਸਾਈਨਮੈਂਟ ਦਾ ਮੁਲਾਂਕਣ ਜ਼ਰੂਰੀ ਹੈ। ਜੇਕਰ ਕਿਸੇ ਵਿਦਿਆਰਥੀ ਨੂੰ ਕਿਸੇ ਤੱਥ ਬਾਰੇ ਕੋਈ ਭੁਲੇਖਾ ਹੈ ਤਾਂ ਉਸ ਨੂੰ ਅਧਿਆਪਕ ਨਾਲ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ। ਅਧਿਆਪਕ ਨੂੰ ਅਸਾਈਨਮੈਂਟ ਚੈਂਕ ਕਰਨ ਸਮੇਂ ਲੋੜੀਂਦਾ ਸੁਝਾਅ ਦੇਣਾ ਚਾਹੀਦਾ ਹੈ। ਜੋ ਕੰਮ ਵਿਦਿਆਰਥੀ ਨੇ ਚੰਗਾ ਕੀਤਾ ਉਸ ਲਈ ਉਨ੍ਹਾਂ ਨੂੰ ਸ਼ਾਬਾਸ਼ ਦੇਣੀ ਚਾਹੀਦੀ ਹੈ। ਅਜੋਕੀ ਸਿੱਖਿਆ ਪ੍ਰਣਾਲੀ ਵਿੱਚ ਅਸਾਈਨਮੈਂਟ ਦੀ ਬਹੁਤ ਮਹੱਤਤਾ ਹੈ।

### 2.4.6 ਪ੍ਰਸ਼ਨ ਪੁੱਛਣਾ (Questioning)

ਪ੍ਰਸ਼ਨ ਪੁੱਛਣਾ ਅਧਿਆਪਨ ਦੀ ਇਕ ਮਹੱਤਵਪੂਰਨ ਰਣਨੀਤੀ (strategies) ਹੈ। ਪ੍ਰਸ਼ਨ ਪੁੱਛਣ ਦੀ ਕਲਾ ਉਪਰ ਨਿਰਭਰ ਕਰਦਾ ਹੈ, ਪ੍ਰਭਾਵਸ਼ਾਲੀ ਅਧਿਆਪਨ। According to Thring, "Teaching means skillful questioning to force the mind to see, to arrange, to act". In words of Parker, "questioning is the key to all educative activity." ਸੋ ਕਿਹਾ ਜਾ ਸਕਦਾ ਹੈ ਕਿ ਕੋਈ ਵੀ ਅਧਿਆਪਨ ਅਜਿਹਾ ਨਹੀਂ ਹੈ ਜਿਸ ਦੇ ਅੰਤਰਗਤ ਪ੍ਰਸ਼ਨ ਨਾ ਪੁੱਛੇ ਜਾਣ। ਅਸਲ ਵਿਚ ਪ੍ਰਸ਼ਨ ਉੱਤਰ ਜੁਗਤਾਂ ਇਕੱਠੇ ਹੀ ਵਰਤੀਆਂ ਜਾਂਦੀਆਂ ਹੈ। ਆਮ ਤੌਰ ਤੇ ਇਸ ਨੂੰ ਪ੍ਰਸ਼ਨ-ਉਤਰ ਜੁਗਤ ਵੀ ਕਿਹਾ ਜਾਂਦਾ ਹੈ। ਅਧਿਆਪਕ ਨੂੰ ਪ੍ਰਸ਼ਨ-ਉਤਰ ਜੁਗਤ ਦੀ ਵਰਤੋਂ ਕਰਨ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਚਾਹੀਦਾ ਹੈ ਜੋ ਇਸ ਤਰ੍ਹਾਂ ਹਨ :

1. ਵਿਦਿਆਰਥੀਆਂ ਤੋਂ ਉਚਿਤ ਪ੍ਰਸ਼ਨ ਪੁੱਛਣਾ
2. ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਪ੍ਰਾਪਤ ਕਰਨ ਦਾ ਮੌਕਾ ਪ੍ਰਦਾਨ ਕਰਨਾ
3. ਵਿਦਿਆਰਥੀਆਂ ਨੂੰ ਪ੍ਰਸ਼ਨ ਲਈ ਲੋੜੀਂਦਾ ਉਤਸ਼ਾਹ ਦੇਣਾ
4. ਵਿਦਿਆਰਥੀਆਂ ਵਲੋਂ ਪੁੱਛੇ ਗਏ ਪ੍ਰਸ਼ਨਾਂ ਦੇ ਤਸੱਲੀਬਖਸ਼ ਉੱਤਰ ਪ੍ਰਦਾਨ ਕਰਨਾ

* **ਪ੍ਰਸ਼ਨ ਦੀਆਂ ਕਿਸਮਾਂ (Types of Questioning)** ਆਮ ਤੌਰ ਤੇ ਅਧਿਆਪਨ ਦੌਰਾਨ ਤਿੰਨ ਪੜਾਵਾਂ ਉਪਰ ਪ੍ਰਸ਼ਨ ਪੁੱਛੇ ਜਾਂਦੇ ਹਨ। ਜੋ ਹੇਠ ਲਿਖੇ ਅਨੁਸਾਰ ਹਨ।

1. ਆਰੰਭਕ ਪ੍ਰਸ਼ਨ (Introductory): ਇਹ ਪ੍ਰਸ਼ਨ ਵਿਦਿਆਰਥੀਆਂ ਦੀਆਂ ਪੂਰਵ ਗਿਆਨ ਦੀ ਪਰਖ ਕਰਨ ਲਈ ਪੁੱਛੇ ਜਾਂਦੇ ਹਨ।
2. ਪਾਠ ਵਿਕਸਿਤ ਕਰਨ ਲਈ ਪੁੱਛੇ ਗਏ ਪ੍ਰਸ਼ਨ (Developing question): ਇਹ ਪ੍ਰਸ਼ਨ

ਸਮਝਾਈ ਜਾਣ ਵਾਲੀ ਵਿਸ਼ਾਵਸਤੂ ਨਾਲ ਸੰਬੰਧਤ ਹੁੰਦੇ ਹਨ। ਇਹਨਾਂ ਪ੍ਰਸ਼ਨਾਂ ਦੀ ਮੱਦਦ ਨਾਲ ਪਾਠ ਵਿਕਸਿਤ ਕੀਤਾ ਜਾਂਦਾ ਹੈ।

3. ਪੁਨਰ ਦੁਹਰਾਈ ਲਈ ਪੁਛੇ ਗਏ ਪ੍ਰਸ਼ਨ (Recapituatory Questions): ਇਹ ਪ੍ਰਸ਼ਨ ਪਾਠ ਸਮੱਗਰੀ ਜੋ ਪੜ੍ਹਾਈ ਜਾਂਦੀ ਹੈ ਉਸ ਅਨੁਸਾਰ ਪੁੱਛੇ ਜਾਂਦੇ ਹਨ। ਜਿਸ ਤੋਂ ਪਤਾ ਲੱਗਦਾ ਹੈ ਕਿ ਵਿਦਿਆਰਥੀਆਂ ਨੂੰ ਜੋ ਪੜ੍ਹਾਇਆ ਗਿਆ ਹੈ ਉਸ ਦੀ ਸਮਝ, ਉਹਨਾਂ ਨੂੰ ਕਿੰਨੀ ਕੁ ਆਈ ਹੈ। ਉਹ ਪ੍ਰਸ਼ਨ ਇਕ ਕਿਸਮ ਦੇ ਮੁਲਾਂਕਣ ਪ੍ਰਸ਼ਨ ਹੁੰਦੇ ਹਨ।

* **ਚੰਗੇ ਪ੍ਰਸ਼ਨ ਪੁੱਛਣ ਦੀਆਂ ਵਿਸ਼ੇਸ਼ਤਾਵਾਂ (Characteristics of Good questioning)**

1. ਸਪੱਸ਼ਟ ਸਭ ਤੋਂ ਪਹਿਲਾਂ ਪੁਛਿਆ ਪ੍ਰਸ਼ਨ ਸਪਸ਼ਟ ਹੋਣਾ ਚਾਹੀਦਾ ਹੈ। ਉਦਾਹਰਨ ਵਜੋਂ ''ਭਾਰਤ ਦਾ ਪ੍ਰਧਾਨ ਮੰਤਰੀ ਕੌਣ ਹੈ? ਪ੍ਰਧਾਨ ਮੰਤਰੀ ਕੋਣ ਹੈ? ਇਹਨਾਂ ਦੋਵੇ ਪ੍ਰਸ਼ਨਾਂ ਵਿਚ ਪਹਿਲਾ ਪ੍ਰਸ਼ਨ ਸਹੀ ਪ੍ਰਸ਼ਨ ਹੈ।
2. ਵਿਸ਼ੇਸਤਾ ਪ੍ਰਸ਼ਨ ਵਿਸ਼ੇਸ਼ ਹੋਣਾ ਚਾਹੀਦਾ ਹੈ। ਪੁੱਛੇ ਗਏ ਪਸ੍ਨ ਦਾ ਉਤਰ ਵਿਸ਼ੇਸ਼ ਹੋਣਾ ਚਾਹੀਦਾ ਹੈ ਸਾਧਾਰਨ ਨਹੀਂ।
3. ਸਰਲਤਾ ਪੁੱਛੇ ਗਏ ਪ੍ਰਸ਼ਨ ਦੀ ਬਣਤਰ ਵਿਚ ਸਰਲਤਾ ਹੋਣੀ ਚਾਹੀਦੀ ਹੈ। ਪ੍ਰਸਨ ਦੀ ਭਾਸ਼ਾ ਸਰਲ ਹੋਣੀ ਚਾਹੀਦੀ ਹੈ ਜੋ ਵਿਦਿਆਰਥੀਆਂ ਦੀ ਭਾਸ਼ਾ ਯੋਗਤਾ ਅਨੁਸਾਰ ਹੋਵੇ, ਜਿਵੇਂ ਕਿ, ਕੀ ਤੁਸੀਂ ਦੱਸ ਸਕਦੇ ਹੋ ਚਿਰਾਪੂੰਜੀ ਵਿਚ ਵਰਖਾ ਕਿਉਂ ਜ਼ਿਆਦਾ ਹੁੰਦੀ ਹੈ? ਇਸ ਪ੍ਰਸ਼ਨ ਵਿਚ ਕੀ ਤੁਸੀਂ ਦੱਸ ਸਕਦੇ ਹੋ ਇਹ ਠੀਕ ਨਹੀਂ ਹੈ।
4. ਚਣੌਤੀਪੂਰਨ ਪ੍ਰਸ਼ਨ ਇਹੋ ਜਿਹਾ ਹੋਣਾ ਚਾਹੀਦਾ ਹੈ ਜੋ ਵਿਦਿਆਰਥੀ ਦੀ ਸੋਚ ਨੂੰ ਉਤੇਜਿਤ ਕਰੇ ਜੇਕਰ ਬੱਚਿਆਂ ਨੂੰ ਪੁੱਛਿਆ ਜਾਂਦਾ ਹੈ ਭਾਰਤ ਦੀ ਰਾਜਧਾਨੀ ਕਿਹੜੀ ਹੈ? ਇਹ ਪ੍ਰਸ਼ਨ ਵਿਦਿਆਰਥੀਆਂ ਨੂੰ ਕੁਝ ਸੋਚਣ ਲਹੀ ਉਤੇਜਿਤ ਨਹੀਂ ਕਰਦਾ। ਰਾਜਸਥਾਨ ਵਰਖਾ ਘੱਟ ਕਿਉਂ ਹੁੰਦੀ ਹੈ? ਇਹ ਪ੍ਰਸ਼ਨ ਵਿਦਿਆਰਥੀਆਂ ਨੂੰ ਕੁਝ ਸੋਚਣ ਉਤੇਜਤ ਕਰੇਗਾ।
5. ਇਹ ਵਿਚਾਰ ਪੈਦਾ ਕਰਨ ਵਾਲਾ ਪ੍ਰਸ਼ਨ ਚੰਗੇ ਪ੍ਰਸ਼ਨਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਕੋ ਸਮੇਂ ਦੇ ਪ੍ਰਸ਼ਨ ਨਹੀਂ ਪੁੱਛਣੇ ਚਾਹੀਦੇ, ਜਿਵੇਂ ਗੁਰੂ ਗੋਬਿੰਦ ਸਿੰਘ ਜੀ ਕੋਣ ਸਨ ਤੇ ਕਿਉਂ ਪ੍ਰਸਿੱਧ ਸਨ? ਇਕੋ ਸਮੇਂ ਇਕੋ ਵਿਚਾਰ ਪ੍ਰਗਟ ਕਰਨ ਵਾਲਾ ਪ੍ਰਸ਼ਨ ਹੋਣਾ ਚਾਹੀਦਾ ਹੈ। ਭਾਵ ਕੋਣ ਤੇ ਕਿਉਂ ਨੂੰ ਵਖਰੇ ਪ੍ਰਸ਼ਨਾਂ ਵਿਚ ਪੁਛਣ।
6. ਹਾਂ ਜਾਂ ਨਹੀਂ : ਪ੍ਰਸ਼ਨ ਇਹੋ ਜਿਹਾ ਨਹੀਂ ਪੁਛਿਆ ਜਾਣਾ ਚਾਹੀਦਾ, ਜਿਸ ਉਤਰ ਸਿਰਫ ਹਾਂ ਜਾਂ ਨਾਂ ਨਈਂ ਵਿਚ ਹੋਵੇ। 'ਕੀ ਰਾਜਸਥਾਨ ਵਿਚ ਵਰਖਾ ਘੱਟ ਹੁੰਦੀ ਹੈ? ਇਹ ਪ੍ਰਸ਼ਨ ਠੀਕ ਨਹੀਂ ਹੈ।
7. ਵਿਆਕਰਨ ਦੇ ਪੱਖ ਤੋਂ ਸਹੀਂ : ਪ੍ਰਸ਼ਨ ਦੀ ਬਣਤਰ ਵਿਆਕਰਨ ਦੇ ਪੱਖ ਤੋਂ ਠੀਕ ਹੋਣੀ ਚਾਹੀਦੀ ਹੈ।

* **ਪ੍ਰਸ਼ਨ ਪੁੱਛਣ ਜੁਗਤ ਦੇ ਲਾਭ**

1. ਇਸ ਜੁਗਤ ਦੀ ਵਰਤੋਂ ਰਾਹੀਂ ਵਿਦਿਆਰਥੀ ਕਿਰਿਆਸ਼ੀਲ ਰਹਿੰਦੇ ਹਨ।
2. ਉਹਨਾਂ ਵਿਚ ਆਤਮ-ਵਿਸ਼ਵਾਸ਼ ਵਧਦਾ ਹੈ।
3. ਵਿਦਿਆਰਥੀਆਂ ਦੀ ਸੰਚਾਰ ਸ਼ਕਤੀ ਵੀ ਵਧਾਉਂਦਾ ਹੈ।
4. ਉਹ ਪਾਠ ਵਿਚ ਜ਼ਿਆਦਾ ਦਿਲਚਸਪੀ ਲੈਂਦੇ ਹਨ।
5. ਵਿਦਿਆਰਥੀਆਂ ਨੂੰ ਪ੍ਰੇਰਨਾ ਅਤੇ ਉਤਸ਼ਾਹ ਮਿਲਦਾ ਹੈ।

* **ਪ੍ਰਸ਼ਨ ਪੁੱਛਣ ਜੁਗਤ ਦੀਆਂ ਸੀਮਾਵਾਂ** : ਪ੍ਰਸ਼ਣ ਪੁੱਛਣ ਜੁਗਤ ਵਿਚ ਹੇਠ ਲਿਖੀਆਂ ਕਮੀਆਂ ਪਾਈਆਂ ਜਾਂਦੀਆਂ ਹਨ।

1. ਪ੍ਰਸ਼ਨ-ਪੁੱਛਣ ਜੁਗਤ ਅਧਿਟਾਪਨ ਦੀ ਆਪਣੀ ਯੋਗਤਾ ਤੇ ਨਿਪੁੰਨਤਾ ਉਪਰ ਨਿਰਭਰ ਕਰਦੀ ਹੈ। ਪ੍ਰਸ਼ਨਾਂ ਦਾ ਨਿਰਮਾਣ, ਉਚਿਤ ਸਮੇਂ ਉਪਰ ਪ੍ਰਸ਼ਨ ਪੁੱਛਣ ਦੀ ਕਲਾ ਅਧਿਆਪਕ ਵਿਚ ਹੋਣੀ ਚਾਹੀਦੀ ਹੈ ਜਿਹੜੀ ਕਿ ਹਰ ਅਧਿਆਪਕ ਵਿਚ ਹੋਣੀ ਸੰਭਵ ਨਹੀਂ ਹੈ।

2. ਅਧਿਆਪਨ ਦੌਰਾਨ ਕਈ ਵਾਰੀ ਕਲਾਸ ਵਿਚ ਅਸੰਤੁਲਨ ਦਾ ਮਾਹੌਲ ਬਣ ਜਾਂਦਾ ਹੈ। ਕਈ ਵਾਰੀ ਅਧਿਆਪਕ ਬਹੁਤੇ ਉਤਸ਼ਾਹ ਅਧੀਨ ਆ ਕੇ ਬੇਲੋੜੇ ਪ੍ਰਸ਼ਨ ਪੁੱਛਣ ਲੱਗ ਪੈਂਦਾ ਹੈ ਤੇ ਕਈ ਵਿਦਿਆਰਥੀ ਵੀ ਅਢੁੱਕਵੇਂ ਪ੍ਰਸ਼ਨ ਪੁੱਛਣੇ ਸ਼ੁਰੂ ਕਰ ਦਿੰਦੇ ਹਨ।

* **ਪ੍ਰਸ਼ਨ-ਪੁੱਛਣ ਦੇ ਪ੍ਰਭਾਵਸ਼ਾਲੀ ਪ੍ਰਯੋਗ ਸੰਬੰਧੀ ਸੁਝਾਅ**

1. ਅਧਿਆਪਕ ਨੂੰ ਇਸ ਜੁਗਤ ਦੀ ਵਰਤੋਂ ਕਰਨ ਲਈ ਸਾਰੀਆਂ ਲੋੜੀਂਦੀਆਂ ਤਿਆਰੀਆਂ ਕਰ ਲੈਣੀਆਂ ਚਾਹੀਦੀਆਂ ਹਨ ਭਾਵ ਪਾਠ ਦੇ ਵੱਖ-ਵੱਖ ਪੜਾਵਾਂ ਉਪਰ ਕਿਹੜੇ ਪ੍ਰਸ਼ਨ ਪੁੱਛੇ ਜਾਣੇ ਹਨ, ਪਾਠ ਯੋਜਨਾ ਵਿਚ ਦਰਜ ਕਰ ਲੈਣਾ ਚਾਹੀਦਾ ਹੈ।
2. ਅਧਿਆਪਕ ਨੂੰ ਅਧਿਆਪਨ ਦੌਰਾਨ ਪਾਠ-ਸਮੱਗਰੀ ਅਨੁਸਾਰ ਢੁਕਵੇਂ ਅਤੇ ਉਚਿਤ ਸਮੇਂ ਉਪਰ ਪ੍ਰਸ਼ਨ ਪੁੱਛਣੇ ਚਾਹੀਦੇ ਹਨ।
3. ਇਕ ਪ੍ਰਸ਼ਨ ਪੁੱਛਣ ਤੋਂ ਬਾਅਦ, ਦੂਜੇ ਪ੍ਰਸ਼ਨ ਪੁੱਛਣ ਲਈ ਵਿਚਲਾ ਸਮਾਂ ਉਚਿਤ ਹੋਣਾ ਚਾਹੀਦਾ ਹੈ।
4. ਪੁੱਛੇ ਗਏ ਪ੍ਰਸ਼ਨ ਦੀ ਭਾਸ਼ਾ ਸਰਲ-ਸਪਸ਼ਟ ਤੇ ਸੰਖੇਪ ਹੋਣੀ ਚਾਹੀਦੀ ਹੈ।ਇਸ ਤੋਂ ਬਾਅਦ ਕਿਸੇ ਇਕ ਦਾ ਨਾਂ ਲੈ ਕੇ ਉੱਤਰ ਪੁੱਛਣਾ ਚਾਹੀਦਾ ਹੈ। ਜਿਥੋਂ ਤੱਕ ਹੋ ਸਕੇ ਸਾਰੇ ਵਿਦਿਆਰਥੀਆਂ ਦੇ ਸਮੂਹ ਵਿਚ ਉੱਤਰ ਦੇਣ ਲਈ ਉਤਸ਼ਾਹਿਤ ਨਹੀਂ ਕਰਨਾ ਚਾਹੀਦਾ।
5. ਪ੍ਰਸ਼ਨ ਸਾਰੀ ਜਮਾਤ ਨੂੰ ਸੰਬੋਧਨ ਕਰਕੇ ਪੁੱਛਣਾ ਚਾਹੀਦਾ ਹੈ। ਇਸ ਤੋਂ ਬਾਅਦ ਕਿਸੇ ਇਕ ਦਾ ਨਾਂ ਲੈ ਕੇ ਉੱਤਰ ਪੁੱਛਣਾ ਚਾਹੀਦਾ ਹੈ। ਜਿਥੋਂ ਤੱਕ ਹੋ ਸਕੇ ਸਾਰੇ ਵਿਦਿਆਰਥੀਆਂ ਦੇ ਸਮੂਹ ਨੂੰ ਉੱਤਰ ਦੇਣ ਲਈ ਉਤਸ਼ਾਹਿਤ ਨਹੀਂ ਕਰਨਾ ਚਾਹੀਦਾ।
6. ਜਿਹੜਾ ਵਿਦਿਆਰਥੀ ਕਲਾਸ ਵਿਚ ਧਿਆਨ ਦਿੰਦਾ ਪ੍ਰਤੀਤ ਨਹੀਂ ਹੁੰਦਾ, ਉਸ ਨੂੰ ਉਤਰ ਪੁਛਿਆ ਜਾਣਾ ਚਾਹੀਦਾ ਹੈ ਤਾਂ ਜੋ ਉਸ ਦਾ ਧਿਆਨ ਕਲਾਸ ਵਿਚ ਆ ਜਾਵੇ। ਇਸ ਨਾਲ ਕਲਾਸ ਵਿਚ ਅਨੁਸਾਸ਼ਨ ਵੀ ਬਣਿਆ ਰਹੇਗਾ।
7. ਅਧਿਆਪਕ ਨੂੰ ਅਧਿਆਪਨ ਦੌਰਾਨ ਇਹੋ ਜਿਹਾ ਪ੍ਰਸ਼ਨ ਨਹੀਂ ਪੁੱਛਣਾ ਚਾਹੀਦਾ ਜਿਸ ਦਾ ਉੱਤਰ ਸਿਰਫ ਹਾਂ ਜਾਂ ਨਹੀਂ ਵਿਚ ਹੋਵੇ, ਸਗੋਂ ਦਿਮਾਗੀ ਚਣੌਤੀ ਦੇਣ ਵਾਲਾ ਪ੍ਰਸ਼ਨ ਪੁੱਛਣਾ ਚਾਹੀਦਾ ਹੈ।
8. ਵਿਦਿਆਰਥੀ ਜਦੋਂ ਕਿਸੇ ਪ੍ਰਸ਼ਨ ਦਾ ਉੱਤਰ ਦੇ ਰਹੇ ਹੋਣ ਤਾਂ ਉਹਨਾਂ ਨੂੰ ਟੋਕਣਾ ਨਹੀਂ ਚਾਹੀਦਾ, ਅਜਿਹਾ ਕਰਨ ਨਾਲ ਵਿਦਿਆਰਥੀ ਆਪਣਾ ਸੰਤੁਲਨ ਗੁਆ ਲੈਂਦਾ ਹੈ ਤੇ ਉਸ ਦੇ ਚਿੰਤਨ ਵਿਚ ਰੁਕਾਵਟ ਪੈਦਾ ਹੋ ਜਾਂਦੀ ਹੈ ਤੇ ਉਹ ਨਿਰਉਤਸਾਹਿਤ ਹੋ ਜਾਂਦਾ ਹੈ।
9. ਕਈ ਵਾਰੀ ਬੱਚੇ ਸ਼ਰਾਰਤ ਨਾਲ ਠੀਕ ਉੱਤਰ ਨਹੀਂ ਦਿੰਦੇ ਇਸ ਤਰ੍ਹਾਂ ਦੀ ਸਥਿਤੀ ਨੂੰ ਕੰਟਰੋਲ ਕਰਨਾ ਚਾਹੀਦਾ ਹੈ। ਅਜਿਹੀ ਸਥਿਤੀ ਵਿਚ ਅਧਿਆਪਕ ਦਾ ਅਪ੍ਰਤੱਖ ਵਿਵਹਾਰ ਜ਼ਿਆਦਾ ਕਾਰਗਰ ਸਾਬਤ ਹੁੰਦਾ ਹੈ।
10. ਅਧਿਆਪਕ ਨੂੰ ਆਪਣੇ ਅਧਿਆਪਨ ਦੌਰਾਨ ਲੋੜੀਂਦੇ ਪ੍ਰਸ਼ਨ ਹੀ ਪੁਛਣੇ ਚਾਹੀਦੇ ਹਨ। ਉਲਝਣ ਭਰਪੂਰ ਪ੍ਰਸ਼ਨ ਨਹੀਂ ਪੁਛਣੇ ਚਾਹੀਦੇ, ਸਗੋਂ ਵਿਦਿਆਰਥੀਆਂ ਦੁਆਰਾ ਪੁੱਛੇ ਜਾਣ ਵਾਲੇ ਪ੍ਰਸ਼ਨ ਵੱਲ ਅਧਿਆਪਕ ਨੂੰ ਸਕਾਰਤਮਿਕ ਦ੍ਰਿਸ਼ਟੀਕੋਣ ਅਪਨਾਉਣਾ।

## 2.4.7 ਦ੍ਰਿਸਟਾਂਤ ਜੁਗਤ
**(Illustration Device)**

ਅਧਿਆਪਕ ਅਧਿਆਪਨ ਦੌਰਾਨ ਕਈ ਜੁਗਤਾਂ ਦੀ ਵਰਤੋਂ ਕਰਦਾ ਹੈ ਇਹਨਾਂ ਜੁਗਤਾਂ ਵਿਚੋਂ ਇਕ ਮਹੱਤਵਪੂਰਨ ਜੁਗਤ ਹੈ ਦ੍ਰਿਸ਼ਟਾਂਤ ਜਾਂ ਉਦਾਹਰਨਾਂ ਸਹਿਤ ਵਿਆਖਿਆ। ਦ੍ਰਿਸ਼ਟਾਂਤ ਜਾਂ ਉਦਾਹਰਨ ਉਹ ਜੁਗਤ ਹੈ ਜਿਸ ਰਾਹੀਂ ਅਧਿਆਪਕ ਵਿਸ਼ੇ-ਵਸਤੂ ਨੂੰ ਰੋਚਕ ਤੇ ਸਰਲ ਢੰਗ ਨਾਲ ਪੇਸ਼ ਕਰਨ ਲਈ ਆਪਣੇ ਵਿਦਿਆਰਥੀਆਂ ਦੇ ਸਾਹਮਣੇ ਰੋਚਕ ਦ੍ਰਿਸ਼ਟਾਂਤ ਜਾਂ ਉਦਾਹਰਨ ਪੇਸ਼ ਕਰਦਾ ਹੈ ਉਦਾਹਰਨ ਦੇਣ ਲਈ ਮੌਖਿਕ ਜਾਂ ਸਥੂਲ ਦੋਵੇਂ ਪ੍ਰਕਾਰ ਦੀ ਸਮਗਰੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਅਧਿਆਪਕ ਅਧਿਆਪਨ ਦੌਰਾਨ ਜਦੋਂ ਕਿਸੇ ਤੱਥ ਨੂੰ (fact) ਨੂੰ ਸਮਝਾਉਣ ਲਈ ਸ਼ਾਬਦਿਕ ਚਿੰਤਰ ਪੇਸ

ਕਰਦਾ ਹੈ। ਜਿਵੇਂ ਕਿ ਬੱਸ ਵਿਚ ਅਸੀਂ ਮਹਿਸੂਸ ਕਰ ਰਹੇ ਹੁੰਦੇ ਹਾਂ ਕਿ ਦਰੱਖਤ ਚਲ ਰਹੇ ਹਨ ਭਾਵ ਬੱਸ ਜਾਂ ਰੇਲ ਗੱਡੀ ਦੀ ਉਲਟ ਦਿਸ਼ਾ ਵੱਲ ਚਲਦੇ ਪ੍ਰਤੀਤ ਹੁੰਦੇ ਹਨ। ਇਸ ਤਰ੍ਹਾਂ ਵਿਦਿਆਰਥੀ ਦੇ ਮਨਾਂ ਵਿਚ ਇਸ ਸਥਿਤੀ ਦਾ ਦ੍ਰਿਸ਼ ਬਣ ਜਾਂਦਾ ਹੈ। ਦੂਜੇ ਕਿਸਮ ਦੇ ਦ੍ਰਿਸ਼ਟਾਂਤ ਪੇਸ਼ ਕਰਨ ਲਈ ਸਥੂਲ ਉਦਾਹਰਨਾਂ ਲਈ ਜਾ ਸਕਦੀਆਂ ਹਨ ਜਿਵੇਂ ਨਮੂਨੇ , ਚਾਰਟ, ਤਸਵੀਰਾਂ, ਗ੍ਰਾਫ, ਮਾਡਲ ਅਤੇ ਨਕਸ਼ੇ ਆਦਿਕ ਪ੍ਰਯੋਗ ਕਰ ਰਿਹਾ ਹੁੰਦਾ ਹੈ ਉਸ ਸਮੇਂ ਇਹ ਕਿਹਾ ਜਾਂਦਾ ਹੈ ਕਿ ਉਸ ਸਥੂਲ ਉਦਾਹਰਨਾਂ ਦੀ ਸਹਾਇਤਾ ਲੈ ਰਿਹਾ ਹੈ। ਸੋ ਇਸ ਤਰ੍ਹਾਂ ਸ਼ਾਬਦਿਕ ਤੇ ਗੈਰ-ਸ਼ੈਬਦਿਕ ਦ੍ਰਿਸ਼ਟਾਂਤ ਪੇਸ਼ ਕੀਤੇ ਜਾਂਦੇ ਹਨ। ਇਸ ਜੁਗਤ ਵਿੱਚ ਅਧਿਆਪਕ ਦ੍ਰਿਸ਼ਟਾਂਤ ਦਾ ਸੰਗਠਨ ਪੜਾਂਉਣ ਵਾਲੇ ਵਿਸ਼ਾ ਵਸਤੂ ਅਨੁਸਾਰ ਕਰਦਾ ਹੈ, ਕਿਉਂਕਿ ਵੱਖੋ-ਵੱਖਰੇ ਵਿਸ਼ਿਆ ਲਈ ਵੱਖ ਵੱਖ ਦ੍ਰਿਸ਼ਟਾਂਤ ਜਾਂ ਉਦਾਹਰਨਾਂ ਦੀ ਚੋਣ ਕਰਨੀ ਪੈਂਦੀ ਹੈ।

* **ਦ੍ਰਿਸ਼ਟਾਂਤ ਜੁਗਤ ਦੇ ਲਾਭ** :

(1) ਦ੍ਰਿਸਟਾਂਤ ਜੁਗਤ ਦੀ ਵਰਤੋਂ ਜੇਕਰ ਸੁਚੱਜੇ ਢੰਗ ਨਾਲ ਕੀਤੀ ਜਾਵੇ ਤਾਂ ਵਿਦਿਆਰਥੀਆਂ ਲਈ ਵਿਸ਼ਾ-ਵਸਤੂ ਨੂੰ ਸਮਝਣਾ ਸੌਖਾ ਹੈ।

(2) ਦ੍ਰਿਸ਼ਟਾਂਤ ਜੁਗਤ ਰਾਹੀਂ ਸਮਝੇ ਸਿਧਾਂਤ ਕਦੇ ਨਹੀਂ ਭੁਲਦੇ ਭਾਸ਼ਾ ਅਧਿਆਪਨ ਵਿਚ ਖਾਸ ਕਰਕੇ ਵਿਆਕਰਨ ਪੜਾਉਣ ਲਈ ਇਹ ਜੁਗਤ ਬਹੁਤ ਹੀ ਸਾਰਥਕ ਸਿੱਧ ਹੁੰਦੀ ਹੈ।

(3) ਦ੍ਰਿਸਟਾਂਤ ਜੁਗਤ ਵਿਦਿਆਰਥੀਆਂ ਵਿੱਚ ਰੋਚਿਕਤਾ ਤੇ ਪ੍ਰੇਰਨਾ ਵਿਕਸਿਤ ਕਰਦੀ ਹੈ, ਕਿਉਂਕਿ ਇਹ ਜੁਗਤ ਰਾਹੀਂ ਅਧਿਆਪਕ ਕਈ ਵਾਰੀ ਪ੍ਰਯੋਗ ਵੀ ਕਰਕੇ ਦਿਖਾਉਂਦੇ ਹੈ।

(4) ਦ੍ਰਿਸਟਾਂਤ ਜੁਗਤ ਵਿੱਚ ਵਿਦਿਆਰਥੀਆਂ ਦੀ ਸਮੂਲੀਅਤ ਵੀ ਪਾਠ ਦੀ ਜ਼ਰੂਰਤ ਅਨੁਸਾਰ ਹੁੰਦੀ ਹੈ।

(5) ਦ੍ਰਿਸ਼ਟਾਂਤ ਜੁਗਤ ਰਾਹੀਂ ਵਿਦਿਆਰਥੀਆਂ ਨੂੰ ਜਿਹੜਾ ਸੰਕਲਪ (Concept) ਸਮਝਾਇਆ ਜਾਂਦਾ ਹੈ ਉਸ ਸ਼ਬੰਧੀ ਉਹ ਖੁਦ ਉਦਾਹਰਨਾ ਵੀ ਦਿੰਦੇ ਹਨ।

* **ਦ੍ਰਿਸ਼ਟਾਂਤ ਜੁਗਤ ਦੀਆਂ ਸੀਮਾਵਾਂ** :

(1) ਕਈ ਵਾਰੀ ਵੱਧ ਦ੍ਰਿਸ਼ਟਾਂਤ ਦੀ ਵਰਤੋਂ ਅਧਿਆਪਨ ਪ੍ਰਕ੍ਰਿਆ ਵਿੱਚ ਰੁਕਾਵਟ ਸਿੱਧ ਹੋ ਸਕਦੀ ਹੈ।

(2) ਉਦਾਹਰਨਾਂ ਦੀ ਚੋਣ, ਉਨ੍ਹਾਂ ਨੂੰ ਉਚਿਤ ਸਮੇਂ ਤੇ ਢੁਕਵੀਂ ਸਥਿਤੀ ਵਿੱਚ ਵਰਤਨਾ ਆਦਿ ਕੰਮਾਂ ਵਿੱਚ ਅਧਿਆਪਕ ਪੂਰੀ ਤਰ੍ਹਾਂ ਮਾਹਿਰ ਹੋਣਾ ਚਾਹੀਦਾ ਹੈ।

(3) ਵਿਦਿਆਰਥੀ ਦੀ ਸੰਖਿਆ ਜੇਕਰ ਜ਼ਿਆਦਾ ਹੋਵੇ ਤਾਂ ਵੀ ਅਧਿਆਪਕ ਲਈ ਉਦਾਹਰਨਾ ਦੇਣੀਆਂ ਔਖੀਆਂ ਹੁੰਦੀਆਂ ਹਨ ਜਿਸ ਨਾਲ ਕਲਾਸ ਦਾ ਅਨੁਸ਼ਾਸ਼ਨ ਖਰਾਬ ਹੋ ਸਕਦਾ ਹੈ।

* **ਦ੍ਰਿਸ਼ਟਾਂਤ ਜੁਗਤ ਨੂੰ ਪ੍ਰਭਾਵਸ਼ਾਲੀ ਵਰਤੋਂ ਸੰਬੰਧੀ ਸੁਝਾਅ** :

(1) ਅਧਿਆਪਕ ਨੂੰ ਲੋੜੀਦੀ ਤਿਆਰੀ ਕਰਨੀ ਚਾਹੀਦੀ ਹੈ। ਪਾਠ-ਸੱਮਗਰੀ ਅਨੁਸਾਰ ਉਸਨੂੰ ਉਦਾਹਰਨਾਂ ਦ੍ਰਿਸ਼ਟਾਂਤ ਦੀ ਚੋਣ ਪਹਿਲਾਂ ਹੀ ਕਰ ਲੈਣੀ ਚਾਹੀਦੀ ਹੈ ਅਤੇ ਉਦਾਹਰਨਾਂ ਪ੍ਰਦਾਨ ਕਰਨ ਲਈ ਉਸਨੇ ਕੀ ਕੀ ਸਮੱਗਰੀ ਚਾਹੀਦੀ ਉਸਦਾ ਸੰਗਠਨ ਕਰਨਾ ਚਾਹੀਦਾ।

(2) ਕਲਾਸ ਵਿਚ ਦਿੱਤੀਆਂ ਗਈਆਂ ਉਦਾਹਰਨਾਂ ਰੌਚਿਕ ਅਤੇ ਬੱਚਿਆਂ ਦੀਆਂ ਮਾਨਸਿਕ ਯੋਗਤਾਵਾਂ ਅਨੁਸਾਰ ਹੋਣੀਆਂ ਚਾਹੀਦੀਆਂ ਹਨ।

(3) ਕਲਾਸ ਵਿੱਚ ਦਿੱਤੀਆਂ ਗਈਆਂ ਉਦਾਹਰਨਾਂ ਰੌਚਿਕ ਭਾਸ਼ਾ, ਉੱਚਿਤ ਸੰਚਾਰ ਸ਼ਕਤੀ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਠੋਸ ਉਦਾਹਰਨਾਂ ਦੇਣ ਲਈ ਉਸਨੂੰ ਢੁੱਕਵੀ ਸਥੂਲ ਸਮੱਗਰੀ ਦੀ ਚੋਣ ਅਤੇ ਸੰਗਠਨ ਕਰਨਾ ਚਾਹੀਦਾ ਹੈ।

(4) ਸ਼ਾਬਦਿਕ ਦ੍ਰਿਸ਼ਟਾਂਤ ਪੇਸ਼ ਕਰਨ ਲਈ ਅਧਿਆਪਕ ਕੋਲ ਉੱਚਿਤ ਭਾਸ਼ਾ, ਉੱਚਿਤ ਸੰਚਾਰ ਸ਼ਕਤੀ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਠੋਸ ਉਦਾਹਰਨਾਂ ਦੇਣ ਲਈ ਉਸਨੂੰ ਢੁੱਕਵੀਂ ਸਥੂਲ ਸਮੱਗਰੀ ਦੀ ਚੋਣ ਅਤੇ ਸੰਗਠਨ ਕਰਨਾ ਚਾਹੀਦਾ ਹੈ।

(5) ਚੋਣ ਕੀਤੀਆਂ ਗਈਆਂ ਉਦਾਹਰਨਾਂ ਪ੍ਰਦਾਨ ਕਰਨ ਵਿੱਚ ਅਧਿਆਪਕ ਮਾਹਿਰ ਹੋਣਾ ਚਾਹੀਦਾ ਹੈ।

(6) ਦ੍ਰਿਸ਼ਟਾਂਤ ਜਾਂ ਉਦਾਹਰਨਾਂ ਰਾਹੀਂ ਜਿਹੜਾਂ ਵਿਸ਼ਾ-ਵਸਤੂ ਸਮਝਾਇਆ ਜਾਂਦਾ ਹੈ। ਅਧਿਆਪਕ ਨੂੰ ਮੁਲਾਂਕਣ ਕਰਨ ਲਈ ਪ੍ਰਸ਼ਨ ਪੁਛਣੇ ਜਾਂ ਨਿਗਮਨ ਪਹੁੰਚ (deductive Approach) ਅਪਣਾਉਣੀ ਚਾਹੀਦੀ

ਹੈ। ਇਸ ਤਰ੍ਹਾਂ ਅਧਿਆਪਕ ਆਪਣੇ ਆਪ ਨੂੰ ਅਤੇ ਵਿਦਿਆਰਥੀਆਂ ਦੀ ਸਮਝ ਪਰਖ ਸਕਦਾ ਹੈ।

**2.4.8 ਸਪੱਸ਼ਟ ਕਰਨਾ**

**(Exposition)**

ਇਸ ਜੁਗਤ ਦੀ ਵਰਤੋਂ ਅਧਿਆਪਕਾਂ ਦੁਆਰਾ ਆਪਣੇ ਵਿਸ਼ਾ-ਵਸਤੂ ਨੂੰ ਚੰਗੀ ਤਰ੍ਹਾਂ ਸਪਸ਼ਟ ਕੇ ਆਪਣੇ ਦਿਮਾਗ ਵਿਚ ਬਿਠਾ ਸਕਣ। ਇਸ ਕਰਕੇ ਸਪਸ਼ਟੀਕਰਨ ਜੁਗਤ ਵਿਚ ਇਸ ਗੱਲ ਵੱਲ ਧਿਆਨ ਦਿੱਤਾ ਜਾਂਦਾ ਹੈ ਕਿ ਜਿਹੜੀ ਪਾਠ-ਸਮੱਗਰੀ ਵਿਦਿਆਰਥੀ ਨੂੰ ਪੜ੍ਹਾਉਣੀ ਹੈ ਉਸ ਨੂੰ ਬਹੁਤ ਹੀ ਰੋਚਕ, ਸਰਲ ਅਤੇ ਸਪਸ਼ਟ ਢੰਗ ਰਾਹੀਂ ਦੱਸਿਆ ਜਾਵੇ ਤਾਂ ਜੋ ਉਹ ਉਸ ਨੂੰ ਸੌਖੀ ਤਰ੍ਹਾਂ ਸਮਝ ਅਤੇ ਗ੍ਰਹਿਣ ਕਰ ਸਕਣ। ਇਤਿਹਾਸ ਦਾ ਅਧਿਆਪਕ ਇਸ ਜੁਗਤ ਦੀ ਵਰਤੋਂ ਘਟਨਾਵਾਂ ਦੱਸਣ ਲਈ ਕਰਦਾ ਹੈ। ਇਸੇ ਤਰ੍ਹਾਂ ਜੇਕਰ ਭੂਗੋਲ ਦੇ ਅਧਿਆਪਕ ਨੇ ਵਿਦਿਆਰਥੀਆਂ ਨੂੰ ਭੂ-ਮੱਧ ਰੇਖਾ ਬਾਰੇ ਦੱਸਣਾ ਹੈ ਉਹ ਗਲੋਬ ਦੀ ਸਹਾਇਤਾ ਨਾਂਲ ਸਪਸ਼ਟੀਕਰਨ ਜੁਗਤ ਦੀ ਵਰਤੋਂ ਕਰੇਗਾ। ਇਸੇ ਤਰ੍ਹਾਂ ਭਾਸ਼ਾ ਦਾ ਅਧਿਆਪਕ ਭਾਸ਼ਾ ਦੇ ਸਿਧਾਂਤਾਂ ਨੂੰ ਸਪਸ਼ਟ ਕਰੇਗਾ। ਸੋ ਆਖੀਰ ਵਿਚ ਕਿਹਾ ਜਾ ਸਕਦਾ ਹਰੇਕ ਵਿਸ਼ੇ ਦਾ ਅਧਿਆਪਕ ਆਪਣੇ ਅਧਿਆਪਨ ਵਿਸ਼ੇ ਅਨੁਸਾਰ ਸਪਸ਼ਟੀਕਰਨ ਜੁਗਤ ਦੀ ਵਰਤੋਂ ਕਰੇਗਾ।

* **ਸਪੱਸ਼ਟੀਕਰਨ ਜੁਗਤ ਦੇ ਲਾਭ ਸਪਸ਼ਟੀਕਰਨ ਜੁਗਤ ਦੇ ਹੇਠ ਲਿਖੇ ਲਾਭ ਹਨ :**

1. ਵਿਦਿਆਰਥੀਆਂ ਨੂੰ ਤੱਥਾਂ ਬਾਰੇ ਸਪਸ਼ਟ ਤੇ ਸਰਲ ਗਿਆਨ ਹੋ ਜਾਂਦਾ ਹੈ।
2. ਇਸ ਜੁਗਤ ਰਾਹੀਂ ਸਮਝੇ ਸਿਧਾਂਤ ਭੁਲਦੇ ਨਹੀਂ ਸਗੋਂ ਹਮੇਸ਼ਾਂ ਯਾਦ ਰਹਿੰਦੇ ਹਨ।
3. ਵਿਗਿਆਨ ਦੇ ਵਿਦਿਆਰਥੀਆਂ ਨੂੰ ਇਸ ਜੁਗਤ ਦਾ ਹੋਰ ਵੀ ਲਾਭ ਹੁੰਦਾ ਕਿਉਂਕਿ ਇਸ ਜੁਗਤ ਰਾਹੀਂ ਪ੍ਰਦਰਸ਼ਨ ਕੀਤਾ ਜਾਂਦਾ ਹੈ।
4. ਇਸ ਜੁਗਤ ਰਾਹੀਂ ਸਮਝਿਆ ਵਿਸ਼ਾ-ਵਸਤੁ ਵਿਦਿਆਰਥੀ ਨੂੰ ਦੱਸਣਾ ਸੌਖਾ ਲੱਗਦਾ ਹੈ ਭਾਵ ਵਿਆਖਿਆ ਠੀਕ ਕਰ ਸਕਦੇ ਹਨ।

ਸਪੱਸ਼ਟੀਕਰਨ ਜੁਗਤ ਦੀਆਂ ਕਮੀਆਂ ਭਾਵੇਂ ਇਹ ਜੁਗਤ ਬਹੁਤ ਪ੍ਰਭਾਵਸ਼ਾਲੀ ਹੈ ਫਿਰ ਵੀ ਇਸ ਦੀਆਂ ਕੁਝ ਸੀਮਾਵਾਂ ਹਨ।

1. ਇਸ ਜੁਗਤ ਦੀ ਵਰਤੋਂ ਦਾ ਸਿਧਾਂਤ ਹੈ ਕਿ ਤੱਥਾਂ ਨੂੰ ਸਰਲ ਤੇ ਸਪਸ਼ਟ ਰੂਪ ਵਿਚ ਪ੍ਰਦਾਨ ਕੀਤਾ ਜਾਵੇ ਪਰ ਕਈ ਵਾਰੀ ਇੰਜ ਹੁੰਦਾ ਹੈ ਕਿ ਸਰਲਤਾ ਤੇ ਸਪਸ਼ਟਤਾ ਦੀ ਕੋਈ ਸੀਮਾ ਨਾ ਹੋਣ ਕਰਕੇ, ਅਸਪਸ਼ਟਤਾ ਦਾ ਪੜਾਅ ਆ ਸਕਦਾ ਹੈ।
2. ਇਨ੍ਹਾਂ ਜੁਗਤਾਂ ਦੀ ਵਰਤੋਂ ਵਿਚ ਅਧਿਆਪਕ ਦਾ ਯੋਗਦਾਨ ਜ਼ਿਆਦਾ ਹੁੰਦਾ ਹੈ ਇਸ ਲਈ ਅਧਿਆਪਕ ਦੀ ਜਿੰਮੇਵਾਰੀ ਵੱਧ ਜਾਂਦੀ ਹੈ।
3. ਇਸ ਜੁਗਤ ਦੀ ਵਰਤੋਂ ਰਾਹੀਂ ਅਧਿਆਪਕ ਦੀ ਭੂਮਿਕਾ ਵੱਧ ਹੋਣ ਕਰਕੇ, ਵਿਦਿਆਰਥੀ ਕਾਰਜਸ਼ੀਲ ਨਹੀਂ ਹੁੰਦੇ।

* **ਸਪੱਸ਼ਟੀਕਰਨ ਜੁਗਤ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸੁਝਾਅ :-**

1. ਪਾਠ-ਸਮੱਗਰੀ ਪੜ੍ਹਾਉਣ ਲਈ, ਅਧਿਆਪਨ ਉਦੇਸ਼ ਸਪਸ਼ਟ ਰੂਪ ਨਿਰਧਾਰਿਤ ਕਰਨੇ ਚਾਹੀਦੇ ਹਨ।
2. ft ; ḱt ; s{ B€soeg6B eq@pX eoe/ fBog6D (systematic) ਕਰਨਾ ਚਾਹੀਦਾ ਹੈ।
3. ਅਧਿਆਪਕ ਨੂੰ ਅਧਿਆਪਨ ਸਮੱਗਰੀ ਵਿਚ ਪੂਰੀ ਤਰ੍ਹਾਂ ਮਾਹਿਰ ਹੋਣਾ ਚਾਹੀਦਾ ਹੈ।
4. ਅਧਿਆਪਕ ਵਲੋਂ ਵਰਤੀ ਗਈ ਭਾਸ਼ਾ, ਵਿਦਿਆਰਥੀਆਂ ਦੇ ਦ੍ਰਿਸ਼ਟੀਕੋਣ ਤੋਂ ਸਰਲ ਅਤੇ ਅਰਥਪੂਰਨ ਹੋਣੀ ਚਾਹੀਦੀ ਹੈ।
5. ਅਧਿਆਪਕ ਨੂੰ ਵਿਸ਼ਾ-ਵਸਤੂ ਪ੍ਰਸਤੁਤੀਕਰਨ ਵਿਚ ਗੈਰ-ਜ਼ਰੂਰੀ ਜਲਦਬਾਜ਼ੀ ਨਹੀਂ ਕਰਨੀ ਚਾਹੀਦੀ, ਸਗੋਂ ਪਾਠ ਵਿਚ ਨਿਰੰਤਰ ਰਫ਼ਤਾਰ ਬਣਾਈ ਰੱਖਣੀ ਚਾਹੀਦੀ ਹੈ।
6. ਅਧਿਆਪਕ ਨੂੰ ਵਿਦਿਆਰਥੀਆਂ ਦੀਆਂ ਰੁਚੀਆਂ ਪ੍ਰੇਰਨਾ ਅਤੇ ਯੋਗਤਾਵਾਂ ਦਾ ਧਿਆਨ ਰੱਖਣਾ ਚਾਹੀਦਾ ਹੈ।
7. ਵਿਸ਼ਾ-ਵਸਤੂ ਦਾ ਸਪਸ਼ਟੀਕਰਨ ਕਰਦੇ ਸਮੇਂ ਅਧਿਆਪਕ ਨੂੰ ਉਚਿਤ ਪੜ੍ਹਾਂਉਣ ਸਹਾਇਕ ਸਮੱਗਰੀ ਦੀ ਵਰਤੋਂ ਕਰਨੀ ਚਾਹੀਦੀ ਹੈ।
8. ਸਪਸ਼ਟੀਕਰਨ ਜੁਗਤ ਦੀ ਵਰਤੋਂ ਕਰਦੇ ਸਮੇਂ ਉਚਿਤ ਹੋਰ ਜੁਗਤਾਂ ਦੀ ਵਰਤੋਂ ਵੀ ਕਰਨੀ ਚਾਹੀਦੀ ਹੈ ਜਿਵੇਂ ਕਿ ਪ੍ਰਸ਼ਨ-ਉੱਤਰ, ਵਿਆਖਿਆ, ਮੁਲਾਂਕਣ ਅਤੇ ਘਰ ਦਾ ਕੰਮ ਆਦਿਕ।

### 2.4.9 ਕਹਾਣੀ ਸੁਣਾਉਣ ਵਿਧੀ (Story Telling Method)

ਸਮਾਜਿਕ ਅਧਿਐਨ ਦੇ ਅਧਿਆਪਨ ਦੀਆਂ ਵਿਧੀਆਂ ਵਿੱਚੋਂ ਕਹਾਣੀ ਸੁਣਾਉਣ ਵਿਧੀ ਇੱਕ ਮਹੱਤਵਪੂਰਨ ਵਿਧੀ ਹੈ। ਇਹ ਵਿਧੀ ਸਮਾਜਿਕ ਅਧਿਐਨ ਦੇ ਕਈ ਉਪ-ਵਿਸ਼ਿਆਂ ਲਈ ਜ਼ਿਆਦਾ ਲਾਭਦਾਇਕ ਸਿੱਧ ਹੋ ਸਕਦੀ ਹੈ। ਕਹਾਣੀ ਸੁਣਾਉਣਾ ਇੱਕ ਕਲਾ ਹੈ ਜਿਹੜੀ ਅਧਿਆਪਕ ਨੂੰ ਵਿਦਿਆਰਥੀਆਂ ਦੇ ਮਨਾਂ ਦੇ ਨੇੜੇ ਲੈ ਕੇ ਜਾਂਦੀ ਹੈ ਅਤੇ ਉਹ ਪਾਠ ਵਿੱਚ ਵੱਧ ਧਿਆਨ ਅਤੇ ਦਿਲਚਸਪੀ ਲੈਂਦੇ ਹਨ। ਇਸ ਵਿਧੀ ਵਿੱਚ ਅਧਿਆਪਕ ਕਿਸੇ ਘਟਨਾ ਦੇ ਤੱਥਾਂ ਨੂੰ ਤਰਤੀਬਵਾਰ, ਸਰਲ ਤੇ ਸਪੱਸ਼ਟ ਭਾਸ਼ਾ ਵਿੱਚ ਰੋਚਕਤਾ ਭਰਪੂਰ ਵਿਦਿਆਰਥੀਆਂ ਸਾਹਮਣੇ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਵਿਦਿਆਰਥੀ ਕਲਪਨਾ ਕਰ ਸਕਣ ਅਤੇ ਉਸ ਘਟਨਾ ਬਾਰੇ ਉਹਨਾਂ ਦੇ ਅੱਖਾਂ ਸਾਹਮਣੇ ਦ੍ਰਿਸ਼ ਪੇਸ਼ ਹੋਵੇ। ਇਸ ਨੂੰ ਕਹਾਣੀ ਸੁਣਾਉਣਾ ਵਿਧੀ ਕਿਹਾ ਜਾਂਦਾ ਹੈ। ਸਿੱਖਿਆ ਸ਼ਬਦਕੋਸ਼ (Dictionary of Education) ਅਨੁਸਾਰ, "ਕਹਾਣੀ ਦੇ ਰੂਪ ਵਿੱਚ ਤੱਥਾਤਮਕ ਸਮੱਗਰੀ ਦੀ ਪੇਸ਼ਕਾਰੀ ਹੀ ਕਹਾਣੀ ਵਿਧੀ ਹੈ।" (Story method is the presentation of factual material in the story form). ਇਤਿਹਾਸ ਉਪ-ਵਿਸ਼ੇ ਵਿੱਚ ਇਸ ਵਿਧੀ ਰਾਹੀਂ ਪ੍ਰਭਾਵਸ਼ਾਲੀ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ, ਜਿਵੇਂ ਕਿ ਭਗਤ ਸਿੰਘ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ, ਖਾਲਸਾ ਪੰਥ ਦੀ ਸਥਾਪਨਾ ਅਤੇ ਮਹਾਤਮਾ ਬੁੱਧ ਦੇ ਨਿਰਵਾਨ ਪ੍ਰਾਪਤ ਕਰਨ ਦੀ ਕਹਾਣੀ ਆਦਿ। ਇਹ ਵਿਧੀ ਅਧਿਆਪਕ ਦੀ ਅਭਿਨੈ-ਯੋਗਤਾ ਉਤੇ ਨਿਰਭਰ ਕਰਦੀ ਹੈ। ਇਸ ਵਿਧੀ ਰਾਹੀਂ ਅਧਿਆਪਕ ਨੇ ਵਿਦਿਆਰਥੀਆਂ ਸਾਹਮਣੇ ਦ੍ਰਿਸ਼ ਪੇਸ਼ ਕਰਨਾ ਹੁੰਦਾ ਹੈ ਅਤੇ ਇਹ ਤਾਂ ਹੀ ਹੋ ਸਕਦਾ ਹੈ, ਜੇਕਰ ਅਧਿਆਪਕ ਕਹਾਣੀ ਦੀ ਲੋੜ ਅਨੁਸਾਰ ਆਪਣੀ ਆਵਾਜ਼ ਵਿੱਚ ਉਤਾਰ-ਚੜ੍ਹਾਅ ਅਤੇ ਚਿਹਰੇ ਦੇ ਹਾਵ-ਭਾਵ ਬਦਲੇ।

* **ਕਹਾਣੀ ਸੁਣਾਉਣ ਵਿਧੀ ਦੇ ਲਾਭ (Advantages of Story Telling Method) :** ਇਸ ਵਿਧੀ ਦੇ ਲਾਭ ਇਸ ਪ੍ਰਕਾਰ ਹਨ :

1. **ਕਲਪਨਾ ਸ਼ਕਤੀ ਦਾ ਵਿਕਾਸ (Development of imagination) :** ਇਸ ਵਿਧੀ ਰਾਹੀਂ ਕਲਪਨਾ ਸ਼ਕਤੀ ਦਾ ਵਿਕਾਸ ਹੁੰਦਾ ਹੈ। ਜੇਕਰ ਅਧਿਆਪਕ ਇਤਿਹਾਸ ਉਪ-ਵਿਸ਼ੇ ਅਧੀਨ ਖਾਲਸਾ ਪੰਥ ਦੀ ਸਥਾਪਨਾ ਬਾਰੇ ਦੱਸ ਰਿਹਾ ਹੈ ਤਾਂ ਵਿਦਿਆਰਥੀਆਂ ਦੇ ਸਾਹਮਣੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਦ੍ਰਿਸ਼ ਪੇਸ਼ ਹੁੰਦਾ ਹੈ।

2. **ਚੰਗੇ ਸਰੋਤਾ ਪੈਦਾ ਕਰਨਾ (To make good listener) :** ਇਹ ਵਿਦਿਆਰਥੀਆਂ ਨੂੰ ਚੰਗੇ ਸਰੋਤੇ ਬਣਾਉਂਦੀ ਹੈ। ਵਿਦਿਆਰਥੀ ਕਹਾਣੀ ਨੂੰ ਧਿਆਨ ਨਾਲ ਸੁਣਦੇ ਹਨ ਅਤੇ ਜਮਾਤ ਦਾ ਅਨੁਸ਼ਾਸ਼ਨ ਠੀਕ ਬਣਿਆ ਰਹਿੰਦਾ ਹੈ।

3. **ਚੰਗੇ ਗੁਣਾਂ ਅਤੇ ਸਹੀ ਦ੍ਰਿਸ਼ਟੀਕੋਣਾਂ ਦਾ ਵਿਕਾਸ (Development of good qualities and right attitude):** ਵਿਦਿਆਰਥੀਆਂ ਵਿੱਚ ਚੰਗੇ ਗੁਣਾਂ ਅਤੇ ਸਹੀ ਦ੍ਰਿਸ਼ਟੀਕੋਣਾਂ ਦਾ ਵਿਕਾਸ ਇਸ ਵਿਧੀ ਰਾਹੀਂ ਕੀਤਾ ਜਾ ਸਕਦਾ ਹੈ। ਜੇਕਰ ਅਧਿਆਪਕ ਵਿਦਿਆਰਥੀਆਂ ਨੂੰ ਕਿਸੇ ਮਹਾਨ ਵਿਅਕਤੀ ਦੇ ਜੀਵਨ ਬਾਰੇ ਕਹਾਣੀ ਸੁਣਾਉਂਦਾ ਹੈ ਤਾਂ ਉਹਨਾਂ ਵਿੱਚ ਚੰਗੇ ਗੁਣਾਂ ਦਾ ਵਿਕਾਸ ਹੋ ਸਕਦਾ ਹੈ।

4. **ਦਲੀਲਬਾਜੀ ਦਾ ਵਿਕਾਸ (Development of reasoning) :** ਇਸ ਵਿਧੀ ਰਾਹੀਂ ਵਿਦਿਆਰਥੀਆਂ ਦੀ ਦਲੀਲ ਸ਼ਕਤੀ ਦਾ ਵਿਕਾਸ ਹੁੰਦਾ ਹੈ। ਜਦੋਂ ਅਧਿਆਪਕ ਕਹਾਣੀ ਪੇਸ਼ ਕਰ ਰਿਹਾ ਹੁੰਦਾ ਹੈ ਤਾਂ ਵਿਦਿਆਰਥੀ ਉਸ ਬਾਰੇ ਆਪਣੀ ਰਾਇ ਬਣਾ ਰਿਹਾ ਹੁੰਦਾ ਹੈ, ਜਿਸ ਨਾਲ ਉਸ ਦੀ ਦਲੀਲ ਸ਼ਕਤੀ ਦਾ ਵਿਕਾਸ ਹੁੰਦਾ ਹੈ।

5. **ਰਚਨਾਤਮਕ ਸ਼ਕਤੀ ਦਾ ਵਿਕਾਸ (Development of creativity) :** ਕਹਾਣੀ ਸੁਣਾਉਣ ਵਿਧੀ ਰਾਹੀਂ ਵਿਦਿਆਰਥੀਆਂ ਵਿੱਚ ਰਚਨਾਤਮਕ ਸ਼ਕਤੀਆਂ ਦਾ ਵਿਕਾਸ ਹੁੰਦਾ ਹੈ। ਉਹਨਾਂ ਵਿੱਚ ਕਹਾਣੀ ਲਿਖਣ, ਬਿਰਤਾਂਤ ਪੇਸ਼ ਕਰਨ ਅਤੇ ਆਨੰਦ ਪ੍ਰਾਪਤ ਕਰਨ ਦੀ ਕਲਾ ਦਾ ਵਿਕਾਸ ਹੁੰਦਾ ਹੈ।

6. **ਅਧਿਆਪਨ ਨੂੰ ਰੋਚਕ ਬਣਾਉਣਾ (Teaching become interesting) :** ਸਮਾਜਿਕ ਅਧਿਐਨ ਵਿਸ਼ਾ ਹੋਰ ਵਿਸ਼ਿਆਂ ਦੇ ਮੁਕਾਬਲੇ ਨੀਰਸ ਮੰਨਿਆ ਜਾਂਦਾ ਹੈ ਅਤੇ ਵਿਦਿਆਰਥੀ ਇਸ ਵਿਸ਼ੇ ਵਿੱਚ ਰੁਚੀ ਨਹੀਂ ਦਿਖਾਉਂਦੇ ਪਰ ਕਹਾਣੀ ਸੁਣਾਉਣ ਵਿਧੀ ਦੀ ਵਰਤੋਂ ਕਰਕੇ ਇਸ ਵਿਸ਼ੇ ਨੂੰ ਹੋਰ ਵੀ ਪ੍ਰਭਾਵਸ਼ਾਲੀ ਢੰਗ ਨਾਲ ਬੱਚਿਆ ਸਾਹਮਣੇ ਪੇਸ਼ ਕੀਤਾ ਜਾ ਸਕਦਾ ਹੈ। ਨਿਸ਼ਚਿਤ ਤੌਰ 'ਤੇ ਇਹ ਅਧਿਆਪਨ ਨੂੰ ਰੋਚਕ ਬਣਾਉਂਦੀ ਹੈ।

7. **ਭਾਸ਼ਾ ਗਿਆਨ ਵਿੱਚ ਵਾਧਾ (Increase in Knowledge of language) :** ਕਹਾਣੀ ਸੁਣਾਉਣ ਵੇਲੇ ਅਧਿਆਪਕ ਕਲਾਤਮਕ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਨਵੇਂ ਸ਼ਬਦਾਂ ਨੂੰ ਪ੍ਰਯੋਗ 'ਚ ਲਿਆਉਂਦਾ ਹੈ। ਸਿੱਟੇ ਵਜੋਂ ਵਿਦਿਆਰਥੀ ਨਵੇਂ ਸ਼ਬਦਾਂ ਨੂੰ ਗ੍ਰਹਿਣ ਕਰਦੇ ਹਨ, ਜਿਸ ਨਾਲ ਉਹਨਾਂ ਦੇ ਗਿਆਨ ਵਿੱਚ ਵਾਧਾ ਹੁੰਦਾ ਹੈ।

8. **ਨੈਤਿਕ ਕਦਰਾਂ-ਕੀਮਤਾਂ (Moral Values):** ਨੈਤਿਕ ਕਦਰਾਂ-ਕੀਮਤਾਂ ਦੀ ਵਿਅਕਤੀ ਦੇ ਜੀਵਨ ਵਿੱਚ ਅਹਿਮ ਮਹੱਤਤਾ ਹੁੰਦੀ ਹੈ ਅਤੇ ਸੱਭਯ ਸਮਾਜ ਦੀ ਇਹ ਪਹਿਲੀ ਲੋੜ ਹੈ। ਸਮਾਜਿਕ ਅਧਿਐਨ ਨੈਤਿਕ-ਕਦਰਾਂ ਕੀਮਤਾਂ ਦੇ ਸੰਚਾਰ ਵਿੱਚ ਕਾਫੀ ਸਹਾਇਕ ਹੈ। ਅਧਿਆਪਕ ਕਹਾਣੀ ਵਿਧੀ ਦੇ ਮਾਧਿਅਮ ਰਾਹੀਂ ਮਹਾਨ ਵਿਅਕਤੀਆਂ/ਸੰਤਾਂ/ਮਹਾਂਪੁਰਖਾਂ ਦੇ ਜੀਵਨ ਬਾਰੇ ਵਿਦਿਆਰਥੀਆਂ ਨੂੰ ਦੱਸ ਕੇ ਨੈਤਿਕ ਕਦਰਾਂ-ਕੀਮਤਾਂ ਦਾ ਸੰਚਾਰ ਕਰ ਸਕਦਾ ਹੈ।

* **ਕਹਾਣੀ ਸੁਣਾਉਣ ਵਿਧੀ ਦੀਆਂ ਹਾਨੀਆਂ (Demerits of story telling method) :** ਕਹਾਣੀ ਸੁਣਾਉਣ ਵਿਧੀ ਦੀਆਂ ਹਾਨੀਆਂ ਹੇਠ ਲਿਖੀਆਂ ਹਨ :

1. **ਵਿਅਕਤੀਗਤ ਵਖਰੇਵੇਂ ਦੀ ਅਣਗਹਿਲੀ (Neglecting the individual differences) :** ਇਹ ਵਿਧੀ ਵਿਅਕਤੀਗਤ ਵਖਰੇਵੇਂ ਦਾ ਧਿਆਨ ਨਹੀਂ ਰੱਖਦੀ। ਕਈ ਵਿਦਿਆਰਥੀ ਇਸ ਵਿਧੀ ਵਿੱਚ ਦਿਲਚਸਪੀ ਨਹੀਂ ਲੈਂਦੇ ਕਿਉਂਕਿ ਉਹਨਾਂ ਦੀ ਕਹਾਣੀ ਸੁਣਨ ਵਿੱਚ ਕੋਈ ਰੁਚੀ ਨਹੀਂ ਹੁੰਦੀ।

2. **ਮਾਹਰ ਅਧਿਆਪਕਾਂ 'ਤੇ ਨਿਰਭਰ (Depend on Expert Teachers):** ਇਹ ਵਿਧੀ ਮਾਹਰ ਅਧਿਆਪਕਾਂ ਉਤੇ ਨਿਰਭਰ ਕਰਦੀ ਹੈ। ਸਾਰੇ ਵਰਗਾਂ ਦੇ ਅਧਿਆਪਕ ਇਸ ਸ਼੍ਰੇਣੀ ਵਿੱਚ ਸ਼ਾਮਿਲ ਨਹੀਂ ਹੁੰਦੇ। ਜਿਸ ਕਰਕੇ ਇਸ ਦੇ ਸੰਤੋਖਜਨਕ ਨਤੀਜੇ ਨਹੀਂ ਨਿਕਲਦੇ।

3. **ਪ੍ਰਗਟਾਅ ਦੇ ਢੰਗ (Methods of expression) :** ਇਸ ਵਿਧੀ ਰਾਹੀਂ ਅਧਿਆਪਕ ਆਪਣੇ ਸ਼ਬਦਾਂ ਅਤੇ ਆਵਾਜ਼ ਨਾਲ ਸਾਰੇ ਵਿਦਿਆਰਥੀਆਂ ਤੱਕ ਕਹਾਣੀ ਸੁਣਾਉਣ ਦੀ ਪ੍ਰਕਿਰਿਆ ਦਾ ਆਦਾਨ-ਪ੍ਰਦਾਨ ਕਰਦਾ ਹੈ। ਜੇਕਰ ਅਧਿਆਪਕ ਦੀ ਆਵਾਜ਼ ਵਿਦਿਆਰਥੀਆਂ ਤੱਕ ਸਹੀ ਅਤੇ ਸਪੱਸ਼ਟ ਨਹੀਂ ਪੁੱਜਦੀ ਤਾਂ ਵਿਦਿਆਰਥੀ ਨੂੰ ਕਾਫੀ ਹਾਨੀ ਹੁੰਦੀ ਹੈ।

4. **ਵੱਡੀਆਂ ਕਲਾਸਾਂ ਲਈ ਹਾਨੀਕਾਰਕ (Harmful for higher classes):** ਇਹ ਵਿਧੀ ਸਿਰਫ ਛੋਟੀਆਂ ਜਮਾਤਾਂ ਤੱਕ ਹੀ ਸੀਮਤ ਹੈ, ਕਿਉਂਕਿ ਇਹ ਵਿਧੀ ਭਾਵਾਤਮਕ ਉਤੇ ਨਿਰਭਰ ਕਰਦੀ ਹੈ ਅਤੇ ਵੱਡੀਆਂ ਜਮਾਤਾਂ ਵਿੱਚ ਭਾਵਨਾ ਵਾਲਾ ਮਾਹੌਲ ਬਣਾਉਣਾ ਮੁਸ਼ਕਿਲ ਹੁੰਦਾ ਹੈ।

5. **ਅਧਿਆਪਕ ਕੇਂਦਰਿਤ (Teacher centred) :** ਇਹ ਵਿਧੀ ਸਿਰਫ ਅਧਿਆਪਕ ਕੇਂਦਰਿਤ ਵਿਧੀ ਹੈ, ਕਿਉਂਕਿ ਕਹਾਣੀ ਸੁਣਾਉਣ ਵਿਧੀ ਅਧਿਆਪਕ ਦੀ ਕਾਰਜਕੁਸ਼ਲਤਾ ਅਤੇ ਸੁਚੱਜਤਾ ਉਤੇ ਆਧਾਰਿਤ ਹੁੰਦੀ ਹੈ।

6. **ਹਰੇਕ ਉਪ-ਵਿਸ਼ੇ ਲਈ ਉਪਯੋਗੀ ਨਹੀਂ (Not useful for every topic):** ਕਹਾਣੀ ਸੁਣਾਉਣ ਵਿਧੀ ਹਰੇਕ ਉਪ-ਵਿਸ਼ੇ ਲਈ ਉਪਯੋਗੀ ਨਹੀਂ। ਮਸਲਨ ਭੂਗੋਲ, ਅਰਥਸ਼ਾਸਤਰ ਜਾਂ ਨਾਗਰਿਕ ਸ਼ਾਸਤਰ ਦੇ ਉਪ-ਵਿਸ਼ਿਆਂ ਵਿਚ ਇਸ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਆਮ ਤੌਰ 'ਤੇ ਇਸ ਦੀ ਵਰਤੋਂ ਇਤਿਹਾਸ ਉਪ-ਵਿਸ਼ੇ ਵਿੱਚ ਕੀਤੀ ਜਾਂਦੀ ਹੈ। ਇਸ ਕਰਕੇ ਸਮਾਜਿਕ ਅਧਿਐਨ ਵਿੱਚ ਇਸ ਦਾ ਘੇਰਾ ਬਹੁਤ ਸੀਮਤ ਹੈ।

**ਕਹਾਣੀ ਸੁਣਾਉਣ ਵੇਲੇ ਧਿਆਨ ਦੇਣ ਯੋਗ ਗੱਲਾਂ (Points to be remembered while telling story) :** ਕਹਾਣੀ ਸੁਣਾਉਣ ਵੇਲੇ ਅਧਿਆਪਕ ਨੂੰ ਹੇਠ ਲਿਖੀਆਂ ਕੁਝ ਮਹੱਤਵਪੂਰਨ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

1. **ਕ੍ਰਮ-ਰੂਪ ਵਿੱਚ ਪੇਸ਼ ਕਰਨਾ (Presenting in a logical manner):** ਕਹਾਣੀ ਸੁਣਾਉਣ ਵੇਲੇ ਅਧਿਆਪਕ ਨੂੰ ਸੰਪੂਰਨ ਕਹਾਣੀ ਨੂੰ ਕ੍ਰਮਵਾਰ ਤਿਆਰ ਕਰ ਲੈਣਾ ਚਾਹੀਦਾ ਹੈ, ਕਿਉਂਕਿ ਜੇਕਰ ਕਹਾਣੀ ਕ੍ਰਮ ਵਿੱਚ ਨਹੀਂ ਹੋਵੇਗੀ ਤਾਂ ਵਿਦਿਆਰਥੀ ਉਸ ਤੋਂ ਕੁਝ ਹਾਸਲ ਨਹੀਂ ਕਰਨਗੇ।

2. **ਰੋਚਕ ਅਤੇ ਰਚਨਾਤਮਕ (Interesting and Creative) :** ਕਹਾਣੀ ਸੁਣਾਉਣ ਦੇ ਨਿਸ਼ਚਿਤ ਉਦੇਸ਼ ਹੁੰਦੇ ਹਨ ਪਰ ਇਸ ਉਦੇਸ਼ ਦੀ ਪ੍ਰਾਪਤੀ ਲਈ ਜ਼ਰੂਰੀ ਹੈ ਕਿ ਕਹਾਣੀ ਰੋਚਕ ਅਤੇ ਬੱਚਿਆਂ ਵਿੱਚ ਰਚਨਾਤਮਕਤਾ ਦਾ ਵਿਕਾਸ ਕਰਨ ਵਾਲੀ ਹੋਵੇ। ਇਸ ਲਈ ਜ਼ਰੂਰੀ ਹੈ ਕਿ ਅਧਿਆਪਕ ਕਹਾਣੀ ਸੁਣਾਉਣ ਵੇਲੇ ਇਸ ਗੱਲ ਦਾ ਧਿਆਨ ਰੱਖੇ।

3. **ਢੁਕਵਾਂ ਮਾਹੌਲ (Proper environment) :** ਕਹਾਣੀ ਵਿਧੀ ਦੀ ਵਰਤੋਂ ਇੰਝ ਨਹੀਂ ਕਰਨੀ ਚਾਹੀਦੀ ਕਿ ਅਧਿਆਪਕ ਜਮਾਤ ਵਿੱਚ ਆਇਆ ਅਤੇ ਕਹਾਣੀ ਸੁਣਾਉਣੀ ਸ਼ੁਰੂ ਕਰ ਦਿੱਤੀ। ਇਸ ਦੀ ਵਰਤੋਂ ਲਈ ਢੁੱਕਵਾਂ ਮਾਹੌਲ ਬਣਾਉਣਾ ਜ਼ਰੂਰੀ ਹੈ।ਸ ਜਦੋਂ ਅਧਿਆਪਕ ਨੂੰ ਇਸ ਗੱਲ ਦਾ ਯਕੀਨ ਹੋ ਜਾਵੇ ਕਿ ਵਿਦਿਆਰਥੀ ਕਹਾਣੀ ਸੁਣ ਲਈ ਤਿਆਰ ਹਨ ਤਾਂ ਹੀ ਉਸ ਨੂੰ ਕਹਾਣੀ ਸੁਣਾਉਣੀ ਸ਼ੁਰੂ ਕਰਨੀ ਚਾਹੀਦੀ ਹੈ।

4. **ਮਾਨਸਿਕ ਪੱਧਰ (Mental Level):** ਕਹਾਣੀ ਸੁਣਾਉਣ ਵੇਲੇ ਅਧਿਆਪਕ ਨੂੰ ਜਿਹੜੀ ਅਹਿਮ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ, ਉਹ ਹੈ ਵਿਦਿਆਰਥੀ ਮਾਨਸਿਕ ਪੱਧਰ। ਜੇਕਰ ਇਸ ਦਾ ਧਿਆਨ ਰੱਖੇ ਬਿਨਾਂ ਉਹਨਾਂ ਨੂੰ ਕਹਾਣੀ ਸੁਣਾਈ ਜਾਵੇ ਤਾਂ ਹੋ ਸਕਦਾ ਹੈ ਕਿ ਇਸ ਦਾ ਨਤੀਜਾ ਬੇ -ਅਰਥ ਰਹੇ।

5. **ਅਧਿਆਪਕ ਦੀ ਆਵਾਜ਼ (Voice of Teacher) :** ਕਹਾਣੀ ਸੁਣਾਉਣਾ ਇੱਕ ਕਲਾ ਹੈ ਅਤੇ ਇਹ ਜ਼ਰੂਰੀ ਹੈ ਕਿ ਅਧਿਆਪਕ ਇਸ ਕਲਾ ਵਿੱਚ ਮਾਹਰ ਹੋਵੇ। ਉਸ ਦੀ ਆਵਾਜ਼ ਵਿੱਚ ਢੁਕਵਾਂ ਉਤਾਰ-ਚੜ੍ਹਾਅ ਹੋਣਾ ਚਾਹੀਦਾ ਹੈ। ਉਸ ਦੀ ਆਵਾਜ਼ ਅਜਿਹੀ ਹੋਵੇ ਕਿ ਵਿਦਿਆਰਥੀ ਉਸ ਵੱਲ ਖਿੱਚੇ ਆਉਣ।

6. **ਭਾਸ਼ਾ (Language) :** ਅਧਿਆਪਕ ਕਹਾਣੀ ਸੁਣਾਉਣ ਵੇਲੇ ਸਰਲ, ਸ਼ੁੱਧ ਸਪੱਸ਼ਟ ਅਤੇ ਬੱਚਿਆਂ ਦੇ ਸਮਝ ਵਿਚ ਆਉਣ ਵਾਲੀ ਭਾਸ਼ਾ ਦੀ ਵਰਤੋਂ ਕਰੇ ਤਾਂ ਕਿ ਇਸ ਦੇ ਉਦੇਸ਼ਾਂ ਦੀ ਪ੍ਰਾਪਤੀ ਕੀਤੀ ਜਾ ਸਕੇ।

ਉਪਰੋਕਤ ਵਿੱਚ ਦੱਸੀਆਂ ਕੁਝ ਗੱਲਾਂ ਦਾ ਧਿਆਨ ਰੱਖ ਕੇ ਅਧਿਆਪਕ ਕਹਾਣੀ ਵਿਧੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਯੋਗ ਵਿੱਚ ਲਿਆ ਕੇ ਲੋੜੀਂਦੇ ਨਤੀਜੇ ਪ੍ਰਾਪਤ ਕਰ ਸਕਦਾ ਹੈ।

### 2.4.10 ਸਮੱਸਿਆ ਵਿਧੀ (Problem Method):

ਸਮੱਸਿਆ ਹੱਲ ਵਿਧੀ ਇੱਕ ਅਜਿਹੀ ਵਿਧੀ ਹੈ, ਜਿਸ ਰਾਹੀਂ ਸਮੱਸਿਆ ਦਾ ਹੱਲ ਤਰਕ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਇਸ ਵਿੱਚ ਵਿਦਿਆਰਥੀ ਮਿਲ ਕੇ ਹੱਲ ਲੱਭਦੇ ਹਨ ਅਤੇ ਉਹਨਾਂ ਦੀ ਭਾਗੀਦਾਰੀ ਅਹਿਮ ਹੁੰਦੀ ਹੈ। ਜਮਾਤ ਦੇ ਕਮਰੇ ਵਿੱਚ ਅਧਿਆਪਕ ਦੀ ਅਗਵਾਈ ਹੇਠ ਵਿਦਿਆਰਥੀ ਅਧਿਆਪਕ ਦੁਆਰਾ ਦਿੱਤੀ ਸਮੱਸਿਆ ਦਾ ਹੱਲ ਲੱਭਦੇ ਹਨ।

ਇਸ ਵਿਧੀ ਨੂੰ ਖੋਜ ਵਿਧੀ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਇਸਦੀ ਕਾਰਜ-ਪ੍ਰਣਾਲੀ ਖੋਜ ਨਾਲ ਮਿਲਦੀ ਹੈ। ਸਮੱਸਿਆ ਵਿਧੀ ਉਹ ਵਿਧੀ ਹੈ ਜਿਸ ਦਾ ਅਧਿਐਨ ਕਾਰਜ ਕਿਸੇ ਸਮੱਸਿਆ ਦੇ ਦੁਆਲੇ ਘੁੰਮਦਾ ਹੈ। ਸੀ.ਵੀ. ਗੁਡ ਨੇ ਸਮੱਸਿਆ ਵਿਧੀ ਨੂੰ ਇਸ ਤਰ੍ਹਾਂ ਪਰਭਾਸ਼ਿਤ ਕੀਤਾ ਹੈ, ''ਸਮੱਸਿਆ ਵਿਧੀ, ਇੱਕ ਹਦਾਇਤ ਕਰਦੀ ਹੈ ਜਿਹੜੀ ਹੱਲ ਦੀ ਮੰਗ ਅਤੇ ਸਿੱਖਣ ਵਾਲੀਆਂ ਚੁਣੌਤੀਪੂਰਨ ਹਾਲਤਾਂ ਨੂੰ ਉਤਸਾਹਿਤ ਕਰਦੀ ਹੈ। ਇਹ ਇੱਕ ਵਿਸ਼ੇਸ਼ ਕਾਰਜ ਪ੍ਰਣਾਲੀ ਹੈ, ਜਿਸ ਵਿੱਚ ਪ੍ਰਮੁੱਖ ਸਮੱਸਿਆ ਦਾ ਹੱਲ ਉਸ ਨਾਲ ਸੰਬੰਧਿਤ ਛੋਟੀਆਂ-ਛੋਟੀਆਂ ਸਮੱਸਿਆਵਾਂ ਦੇ ਰਲਵੇਂ ਹੱਲ ਰਾਹੀਂ ਕੀਤਾ ਜਾਂਦਾ ਹੈ। (C.V. good defines, "The problem method is a method of Instruction by which learning is stimulated by the creation of challenging situations that demand solutions. It is a specific procedure by which a major problem is solved through the combined solution of a number of smaller related problems.") ਇਸ ਵਿਧੀ ਵਿੱਚ ਸਮੱਸਿਆ ਦਾ ਹੱਲ ਦਿਮਾਗੀ ਹੁੰਦਾ ਹੈ। ਇਹ ਇੱਕ ਕਿਸਮ ਦੀ ਮਾਨਸਿਕ ਟਰੇਨਿੰਗ ਪ੍ਰਦਾਨ ਕਰਦੀ ਹੈ ਤੇ ਦਲੀਲ ਸ਼ਕਤੀ, ਸੋਚ-ਵਿਚਾਰ ਅਤੇ ਸਹੀ ਦ੍ਰਿਸ਼ਟੀਕੋਣ ਦਾ ਵਿਕਾਸ ਕਰਦੀ ਹੈ। ਉਦਾਹਰਨ ਦੇ ਤੌਰ ਤੇ ਭਾਰਤੀਆਂ ਵਿੱਚ ਰਾਸ਼ਟਰੀ ਏਕਤਾ ਦੀ ਭਾਵਨਾ ਕਿਵੇਂ ਪੈਦਾ ਕੀਤੀ ਜਾ ਸਕਦੀ ਹੈ ਜਾਂ ਅਕਬਰ ਦੀ ਸਫਲਤਾ ਅਤੇ ਔਰੰਗਜ਼ੇਬ ਦੀ ਅਸਫਲਤਾ ਕਿਉਂ ਹੋਈ।

* **ਸਮੱਸਿਆ ਵਿਧੀ ਦੇ ਪੜਾਅ (Steps in Problem Method):**

1. ਖੋਜਣਾ, ਵਿਚਾਰਨਾ, ਵਿਚਾਰ-ਵਟਾਂਦਰਾ ਕਰਨਾ ਅਤੇ ਵਿਸ਼ੇਸ਼ ਸਮੱਸਿਆ ਦੀ ਚੋਣ ਕਰਨਾ।
2. ਚੁਣੀ ਹੋਈ ਸਮੱਸਿਆ ਦੇ ਸੰਬੰਧ ਵਿੱਚ ਮਹੱਤਵਪੂਰਨ ਜਾਣਕਾਰੀ ਨੂੰ ਇਕੱਠਾ ਕਰਨਾ, ਸੰਗਠਿਤ ਕਰਨਾ, ਤੁਲਨਾ ਕਰਨਾ ਅਤੇ ਪਰਖਣਾ।
3. ਸਮੱਸਿਆ ਦੀ ਛਾਣਬੀਣ ਕਰਨੀ ਅਤੇ ਕੁਝ ਸੰਭਵ ਹੱਲ ਬਣਾਉਣੇ।
4. ਅਗਲੇਰੀ ਛਾਣਬੀਣ ਅਤੇ ਅਧਿਐਨ ਰਾਹੀਂ ਮੁੱਢਲੇ ਸਿੱਟੇ ਕਢਣੇ।
5. ਪਰਿਮਾਣਾਂ ਦਾ ਮੁਲਾਂਕਣ ਕਰਨਾ ਅਤੇ ਇੱਕ ਨਤੀਜਾ ਸਥਾਪਿਤ ਕਰਨਾ।
6. ਅਗਲੇਰੇ ਅਧਿਐਨ ਲਈ ਸੰਭਵ ਸੰਖੇਪ ਵਿਚਾਰ ਕਰਨੀ।

* **ਸਮੱਸਿਆ ਵਿਧੀ ਦੇ ਸਿਧਾਂਤ**

ਸਮੱਸਿਆ ਵਿਧੀ ਵਿੱਚ ਸਮੱਸਿਆ ਦੀ ਚੋਣ ਕਰਨ ਲੱਗਿਆਂ ਹੇਠ ਲਿਖੇ ਸਿਧਾਂਤ ਧਿਆਨ ਵਿੱਚ ਰੱਖਣਾ ਚਾਹੀਦੇ ਹੈ।

1. ਸਮੱਸਿਆ ਬੌਧਿਕ ਚੁਣੌਤੀਪੂਰਨ ਹੋਵੇ ਸਮੱਸਿਆ ਬੱਚਿਆਂ ਨੂੰ ਮਾਨਸਿਕ ਚੁਣੌਤੀ ਦੇਣ ਵਾਲੀ ਹੋਣੀ ਚਾਹੀਦੀ ਹੈ। ਇਸ ਰਾਹੀਂ ਆਲੋਚਨਾਤਮਕ ਸੋਚ ਨੂੰ ਉਤੇਜਿਤ ਕਰਨਾ ਚਾਹੀਦਾ ਹੈ ਅਤੇ ਕਾਰਨ ਲੱਭਣ ਲਈ ਇੱਛਾ ਅਤੇ

ਸੰਬੰਧਾਂ ਦਾ ਪ੍ਰਭਾਵ ਅਤੇ ਜਾਣਕਾਰੀ ਇਕੱਠੀ ਕਰਨ ਲਈ ਪ੍ਰੇਰਿਤ ਕਰੇ।

2. ਸਮੱਸਿਆ ਵੱਧ ਤੋਂ ਵੱਧ ਵਿਦਿਆਰਥੀਆਂ ਦੀਆਂ ਲੋੜਾਂ ਅਨੁਕੂਲ ਹੋਣੀ ਚਾਹੀਦੀ ਹੈ। ਸਮੱਸਿਆ ਦੀ ਚੋਣ ਕਰਨ ਸਮੇਂ ਵੱਧ ਤੋਂ ਵੱਧ ਵਿਦਿਆਰਥੀਆਂ ਦੀਆਂ ਰੁਚੀਆਂ, ਯੋਗਤਾ, ਸੰਭਾਵਨਾਵਾਂ, ਸਮਰੱਥਾ ਅਤੇ ਬੌਧਿਕ ਲੋੜਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

3. ਸਮੱਸਿਆ ਦਾ ਸਰੂਪ ਨਿਸ਼ਚਿਤ ਹੋਣਾ ਚਾਹੀਦਾ ਹੈ। ਸਮੱਸਿਆ ਬਿਲਕੁਲ ਨਿਸ਼ਚਿਤ ਅਤੇ ਸਪੱਸ਼ਟ ਹੋਣੀ ਚਾਹੀਦੀ ਹੈ ਤਾਂ ਜੋ ਇਸ ਨੂੰ ਸਮਝਣ ਵਿੱਚ ਮੁਸ਼ਕਿਲ ਨਾ ਆਵੇ। ਇਹ ਸਰਲ ਤੇ ਸਪੱਸ਼ਟ ਸ਼ਬਦਾਂ ਵਿੱਚ ਹੋਣੀ ਚਾਹੀਦੀ ਹੈ ਭਾਵ ਇਸ ਦੀਆਂ ਸੀਮਾਵਾਂ ਅਤੇ ਉਦੇਸ਼ ਵੀ ਸਪੱਸ਼ਟ ਹੋਣੇ ਚਾਹੀਦੇ ਹਨ।

4. ਸਮੱਸਿਆ ਦਾ ਹੱਲ ਵੀ ਨਿਸ਼ਚਿਤ ਹੋਣਾ ਚਾਹੀਦਾ ਹੈ। ਸਮੱਸਿਆ ਦੀ ਚੋਣ ਇਸ ਤਰ੍ਹਾਂ ਕਰਨੀ ਚਾਹੀਦੀ ਹੈ ਕਿ ਉਸ ਦਾ ਹੱਲ ਵੀ ਨਿਸ਼ਚਿਤ ਰੂਪ ਵਿੱਚ ਹੋਵੇ। ਵਿਦਿਆਰਥੀਆਂ ਨੂੰ ਯਕੀਨ ਹੋਣਾ ਚਾਹੀਦਾ ਹੈ ਕਿ ਉਹ ਕਿਸੇ ਨਿਸ਼ਚਿਤ ਹੱਲ ਤੱਕ ਪਹੁੰਚਣਗੇ।

5. ਸਮੱਸਿਆ 'ਵਿਸ਼ਾ-ਵਸਤੂ' ਦੇ ਅਨੁਸਾਰ ਹੋਣੀ ਚਾਹੀਦੀ ਹੈ। ਸਮੱਸਿਆ ਇਹੋ ਜਿਹੀ ਹੋਣੀ ਚਾਹੀਦੀ ਹੈ, ਜਿਸ ਲਈ ਕਾਫ਼ੀ ਵਿਸ਼ਾ-ਵਸਤੂ ਮਿਲਦਾ ਹੋਵੇ। ਭਾਵ ਸਮੱਸਿਆ ਨਾਲ ਸੰਬੰਧਿਤ ਵਿਸ਼ਾ-ਵਸਤੂ ਆਸਾਨੀ ਨਾਲ ਮਿਲ ਸਕੇ।

*** ਸਮੱਸਿਆ ਵਿਧੀ ਦੇ ਪ੍ਰਯੋਗ :**

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਸ ਵਿਧੀ ਦਾ ਪ੍ਰਯੋਗ ਕਿਵੇਂ ਕੀਤਾ ਜਾਵੇ? ਕਈ ਵਾਰੀ ਰੋਜ਼ਾਨਾ ਪੜ੍ਹਾਈ ਦੇ ਦੌਰਾਨ ਕਈ ਸਮੱਸਿਆਵਾਂ ਆਪੇ ਹੀ ਉਜਾਗਰ ਹੋ ਜਾਂਦੀਆਂ ਹਨ। ਅਧਿਆਪਕ-ਵਿਦਿਆਰਥੀਆਂ ਨੂੰ ਇਨ੍ਹਾਂ ਬਾਰੇ ਪੁਸਤਕਾਂ ਜਾਂ ਹੋਰ ਸਾਧਨਾਂ ਤੋਂ ਵਧੇਰੇ ਵਾਕਫ਼ੀ ਪ੍ਰਾਪਤ ਕਰਨ ਤੇ ਸੋਚਣ ਲਈ ਕਹਿ ਸਕਦਾ ਹੈ। ਉਦਾਹਰਨ ਦੇ ਤੌਰ ਤੇ ਜੇਕਰ ਅਧਿਆਪਕ 1947 ਦੀ ਵੰਡ ਬਾਰੇ ਪੜ੍ਹਾ ਰਿਹਾ ਹੈ ਤਾਂ ਉਹ ਇਹ ਸਮੱਸਿਆ ਪੇਸ਼ ਕਰ ਸਕਦਾ ਹੈ, ''ਕੀ 1947 ਦੀ ਵੰਡ ਹੋਣੀ ਚਾਹੀਦੀ ਸੀ?'' ਇਹੋ ਜਿਹੀਆਂ ਸਮੱਸਿਆਵਾਂ ਬੱਚਿਆਂ ਦੇ ਮਨ ਨੂੰ ਚੁਣੌਤੀ ਦੇਣਗੀਆਂ ਅਤੇ ਉਹ ਸਮੱਸਿਆ ਦਾ ਹੱਲ ਲੱਭਣ ਲਈ ਵਿਸ਼ਾ-ਵਸਤੂ ਇਕੱਠਾ ਕਰਨਗੇ ਤੇ ਇਸ ਸੰਬੰਧੀ ਸੋਚਣਗੇ।

ਸਮੱਸਿਆ ਵਿਧੀ ਬਹੁਤ ਹੀ ਵਧੀਆ ਵਿਧੀ ਹੈ। ਕਿਉਂਕਿ ਸਮਾਜਿਕ ਅਧਿਐਨ ਪੜ੍ਹਾਉਣ ਦੇ ਉਦੇਸ਼ ਦੀ ਪ੍ਰਾਪਤੀ ਦੇ ਕਾਫੀ ਨੇੜੇ ਹੈ। ਚੰਗੇ ਗੁਣਾਂ ਅਤੇ ਸਹੀ ਦ੍ਰਿਸ਼ਟੀਕੋਣ ਦਾ ਵਿਕਾਸ, ਸਮੱਸਿਆਵਾਂ ਹੱਲ ਕਰਨ ਦੀ ਯੋਗਤਾ, ਦਲੀਲ ਸ਼ਕਤੀ, ਵਿਸ਼ਲੇਸ਼ਣਾਤਮਿਕ ਸੋਚ ਤੇ ਪੜ੍ਹਨ ਦੀਆਂ ਚੰਗੀਆਂ ਆਦਤਾਂ ਆਦਿ ਦਾ ਵਿਕਾਸ ਕਰਦੀ ਹੈ। ਇਸ ਲਈ ਇਹ ਲਾਭਦਾਇਕ ਹੈ। ਇਸ ਦੇ ਲਾਭ ਇਸ ਪ੍ਰਕਾਰ ਹਨ :

1. ਵਿਦਿਆਰਥੀ ਪ੍ਰਧਾਨ ਵਿਧੀ ਹੈ। ਸਮੱਸਿਆ ਵਿਧੀ ਹਰ ਪੱਖੋਂ ਵਿਦਿਆਰਥੀ ਨਾਲ ਜ਼ਿਆਦਾ ਸੰਬੰਧਿਤ ਹੈ। ਸਮੱਸਿਆ ਦੀ ਚੋਣ ਕਰਨ ਸਮੇਂ ਵਿਦਿਆਰਥੀਆਂ ਦੀਆਂ ਬੌਧਿਕ ਯੋਗਤਾਵਾ ਅਤੇ ਸਮਰੱਥਾਵਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।

2. ਉਦੇਸ਼ਾਂ ਦੀ ਪ੍ਰਾਪਤੀ ਸਕੂਲ ਪੱਧਰ ਤੇ ਸਮਾਜਿਕ ਅਧਿਐਨ ਦੇ ਉਦੇਸ਼ਾਂ ਦੀ ਪ੍ਰਾਪਤੀ ਇਸ ਵਿਧੀ ਰਾਹੀਂ ਕੀਤੀ ਜਾ ਸਕਦੀ ਹੈ।

3. ਅਧਿਆਪਕ ਅਤੇ ਵਿਦਿਆਰਥੀਆਂ ਵਿੱਚ ਨੇੜਲੇ ਸੰਬੰਧ ਸਥਾਪਿਤ ਕਰਦੀ ਹੈ। ਅਧਿਆਪਕ ਸਮੱਸਿਆ ਵਿਧੀ ਦੇ ਹਰ ਕਦਮ ਉਤੇ ਵਿਦਿਆਰਥੀ ਦੀ ਅਗਵਾਈ ਕਰਦਾ ਹੈ ਤੇ ਵਿਦਿਆਰਥੀ ਹਰ ਮੁਸ਼ਕਲ ਸਮੇਂ ਅਧਿਆਪਕ ਤੋਂ ਸਹਾਇਤਾ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਇਸ ਤਰ੍ਹਾਂ ਅਧਿਆਪਕ ਅਤੇ ਵਿਦਿਆਰਥੀ ਵਿੱਚ ਮਿੱਤਰਤਾ ਪੂਰਨ ਰਿਸ਼ਤਾ ਬਣ ਜਾਂਦਾ ਹੈ। ਚੰਗਾ ਅਧਿਆਪਕ ਬੱਚਿਆਂ ਲਈ ਹੋਰ ਵੀ ਸਤਿਕਾਰਤ ਬਣ ਜਾਂਦਾ ਹੈ, ਕਿਉਂਕਿ ਇਸ ਵਿਧੀ ਵਿੱਚ ਉਹ ਸਾਰਾ ਕੰਮ ਆਪਣੀਆਂ ਰੁਚੀਆਂ ਅਨੁਸਾਰ ਕਰ ਸਕਦੇ ਹਨ।

4. ਇਹ ਵਿਧੀ ਅਸਲੀ ਜੀਵਨ ਦੀ ਸਿੱਖਿਆ ਦੇਣ ਵਾਲੀ ਹੈ। ਸਮੱਸਿਆ ਵਿਧੀ ਵਿੱਚ ਸਿੱਖਿਆ ਦੇਣ ਲਈ ਜੀਵਨ ਦੀ ਅਸਲੀ ਸਥਿਤੀ ਉਤਪੰਨ ਕੀਤੀ ਜਾਂਦੀ ਹੈ। ਬੱਚਿਆਂ ਨੂੰ ਜ਼ਿੰਦਗੀ ਦੀ ਅਸਲ ਸਥਿਤੀ ਵਿੱਚ ਸੋਚ ਵਿਸ਼ਲੇਸ਼ਣ ਕਰਨ, ਨਿਰਣੇ ਲੈਣ ਦੇ ਅਵਸਰ ਹਾਸਲ ਕਰਨ ਅਤੇ ਆਪਣੀ ਸੁੰਤਤਰ ਰਾਇ ਕਾਇਮ ਕਰਨ ਲਈ ਮੌਕੇ ਮਿਲਦੇ ਹਨ। ਇਸ ਲਈ ਵਿਦਿਆਰਥੀ ਜੀਵਨ ਦੀਆਂ ਸਮਾਜਿਕ ਅਤੇ ਹੋਰ ਸਮੱਸਿਆਵਾਂ ਨੂੰ ਸਮਝਣ ਅਤੇ ਹੱਲ ਕਰਨ ਦੇ ਯੋਗ ਬਣ ਜਾਂਦੇ ਹਨ।

5. ਸਵੈ-ਅਨੁਸ਼ਾਸ਼ਨ : ਇਸ ਵਿਧੀ ਅਨੁਸਾਰ ਅਧਿਆਪਕ ਦਾ ਕੰਮ ਵਿਦਿਆਰਥੀ ਨੂੰ ਸਮੇਂ-ਸਮੇਂ ਤੇ ਅਗਵਾਈ ਦੇਣਾ ਹੀ ਹੈ, ਬਾਕੀ ਕੰਮ ਵਿਦਿਆਰਥੀ ਆਪ ਕਰਦੇ ਹਨ। ਉਹਨਾਂ ਨੇ ਮਿੱਥੇ ਸਮੇਂ ਵਿੱਚ ਕੰਮ ਕਰਨਾ ਹੁੰਦਾ ਹੈ। ਇਸ ਲਈ ਉਹ ਆਪਣੇ ਆਪ ਤੇ ਸਵੈ-ਅਨੁਸ਼ਾਸ਼ਨ ਲਾਗੂ ਕਰਦੇ ਹਨ।

* **ਸਮੱਸਿਆ ਵਿਧੀ ਦੀਆਂ ਹਾਨੀਆਂ :**

ਭਾਵੇਂ ਸਮੱਸਿਆ ਵਿਧੀ ਬਹੁਤ ਹੀ ਲਾਭਦਾਇਕ ਹੈ ਪਰ ਫਿਰ ਵੀ ਇਸ ਵਿੱਚ ਕੁਝ ਊਣਤਾਈਆਂ ਹਨ, ਜੋ ਇਸ ਪ੍ਰਕਾਰ ਹਨ :

1. **ਮਾਨਸਿਕ ਕਿਰਿਆਵਾਂ** : ਇਸ ਵਿਧੀ ਵਿੱਚ ਮਾਨਸਿਕ ਕਿਰਿਆਵਾਂ ਜ਼ਿਆਦਾ ਕਰਨੀਆਂ ਪੈਂਦੀਆਂ ਹਨ। ਇਸ ਲਈ ਇਸ ਵਿੱਚ ਸਰੀਰਕ ਕਿਰਿਆਵਾਂ ਘੱਟ ਹੁੰਦੀਆਂ ਹਨ। ਬੱਚਿਆਂ ਦੇ ਦਿਮਾਗ ਤੇ ਜ਼ਿਆਦਾ ਬੋਝ ਪੈ ਸਕਦਾ ਹੈ। ਭਾਵੇਂ ਸਮੱਸਿਆ ਉਮਰ ਅਨੁਸਾਰ ਹੀ ਹੁੰਦੀ ਹੈ, ਪਰ ਹਰ ਵਿਦਿਆਰਥੀ ਦਾ ਸੋਚਣ ਦਾ ਢੰਗ ਵੱਖਰਾ-ਵੱਖਰਾ ਹੁੰਦਾ ਹੈ।

2. **ਛੋਟੇ ਬੱਚਿਆਂ ਲਈ ਲਾਭਦਾਇਕ ਨਾ ਹੋਣਾ** : ਕਈ ਸਥਿਤੀਆਂ ਵਿੱਚ ਇਹ ਛੋਟੇ ਬੱਚਿਆਂ ਲਈ ਲਾਭਦਾਇਕ ਨਹੀਂ ਹੁੰਦੀ। ਛੋਟੇ ਬੱਚੇ ਲੋੜੀਂਦੀ ਜਾਣਕਾਰੀ ਇਕੱਠੀ ਨਹੀਂ ਕਰ ਸਕਦੇ।

3. **ਰੈਫਰੈਂਸ ਬੁੱਕ ਅਤੇ ਸੋਮਿਆਂ ਦੀ ਘਾਟ:** ਕਈ ਵਾਰੀ ਵਿਦਿਆਰਥੀਆਂ ਨੂੰ ਸੂਚਨਾ ਕਿਤਾਬਾਂ ਅਤੇ ਸੋਮਿਆਂ ਦੀ ਘਾਟ ਮਹਿਸੂਸ ਹੁੰਦੀ ਹੈ।

4. **ਸਮਾਂ ਜ਼ਿਆਦਾ ਲੈਂਦੀ ਹੈ** : ਇਹ ਵਿਧੀ ਜ਼ਿਆਦਾ ਸਮਾਂ ਲੈਂਦੀ ਹੈ ਤੇ ਅਧਿਆਪਕ ਲਈ ਸਿਲੇਬਸ ਪੂਰਾ ਨਾ ਹੋਣ ਵਰਗੀ ਸਮੱਸਿਆ ਪੈਦਾ ਹੋ ਜਾਂਦੀ ਹੈ।

ਸੈਕੰਡਰੀ ਸਕੂਲਾਂ ਵਿੱਚ ਸਮਾਜਿਕ ਅਧਿਐਨ ਪੜ੍ਹਾਉਣ ਦੀ ਸਮੱਸਿਆ ਵਿਧੀ ਸਭ ਤੋਂ ਮਹੱਤਵਪੂਰਨ ਹੈ। ਇਸ ਵਿਧੀ ਰਾਹੀਂ ਪ੍ਰਾਪਤ ਕੀਤਾ ਗਿਆ ਗਿਆਨ ਸਦੀਵੀ ਹੁੰਦਾ ਹੈ, ਜਿਸ ਨੂੰ ਵਿਦਿਆਰਥੀ ਕਦੇ ਨਹੀਂ ਭੁਲਦੇ।

### 2.4.11 ਸਾਰ

ਅਧਿਆਪਨ ਜੁਗਤਾਂ ਤੋਂ ਭਾਵ ਉਨ੍ਹਾਂ ਅਤਿਰਿਕਤ ਸਾਧਨਾਂ ਤੇ ਤਕਨੀਕਾਂ ਦੀ ਵਰਤੋਂ ਤੋਂ ਹੈ ਜੋ ਅਧਿਆਪਕ ਆਪਣੇ ਅਧਿਆਪਨ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਉਪਯੋਗ ਬਣਾਉਣ ਲਈ ਵਰਤਦਾ ਹੈ ਜਿਵੇਂ ਵਿਆਖਿਆ, ਸਪਸ਼ਟੀਕਰਨ, ਪ੍ਰਸ਼ਨ, ਬਿਰਤਾਂਤ ਨਾਟਕੀਕਰਨ, ਅਸਾਈਨਮੈਂਟ ਅਤੇ ਰੀਵਿਊ ਆਦਿਕ। ਅਧਿਆਪਨ ਜੁਗਤਾਂ ਦਾ ਵਰਗੀਕਰਨ ਵੱਖੋਂ-ਵੱਖਰੇ ਵਿਦਵਾਨਾਂ ਨੇ ਵੱਖੋ ਵੱਖ ਕੀਤਾ ਹੈ। ਕੁਝ ਸਿਖਿਆ ਸ਼ਾਸਤਰੀਆਂ ਦੀ ਰਾਇ ਅਨੁਸਾਰ ਇਹ ਤਿੰਨ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ ਜਿਵੇਂ ਕਿ ਸਾਧਾਰਨ, ਸਮੂਹ ਕਾਰਜ ਅਤੇ ਸਿਥਰ ਜੁਗਤਾਂ ਅਤੇ ਕੁਝ ਵਿਦਵਾਨਾਂ ਅਨੁਸਾਰ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ ਜਿਵੇਂ ਰਸਮੀ ਅਤੇ ਗ਼ੈਰ ਰਸਮੀ ਜੁਗਤਾਂ। ਅਧਿਆਪਨ ਜੁਗਤਾਂ ਜਿਵੇਂ ਕਿ, ਪ੍ਰਸ਼ਨ ਪੁੱਛਣਾ, ਉੱਤਰ ਦੇਣਾ, ਬਿਰਤਾਂਤ ਕਰਨਾ, ਵਿਆਖਿਆ ਕਰਨ., ਵਰਣਨ ਕਰਨਾ, ਦ੍ਰਿਸ਼ਟਾਂਤ ਪੇਸ਼ ਕਰਨਾ, ਪੜ੍ਹਾਉਣ ਸਹਾਇਕ ਸਮੱਗਰੀ ਦੀ ਸੁਚੱਜੀ ਵਰਤੋਂ, ਲਾਇਬਰੇਰੀ ਦੀ ਵਰਤੋਂ, ਮੁਲਾਂਕਣ ਕਰਨਾ, ਸਪੱਸ਼ਟੀਕਰਨ, ਡਰਿਲ ਜਾਂ ਅਭਿਆਸ ਕਾਰਜ, ਰੀਵਿਊ ਅਤੇ ਘਰ ਦਾ ਕੰਮ ਆਦਿਕ। ਸ਼ਪੱਸ਼ਟੀਕਰਨ, ਪ੍ਰਸ਼ਨ-ਪੁੱਛਣਾ, ਦ੍ਰਿਸਟਾਂਤ ਜਾਂ ਉਦਾਹਰਨਾਂ, ਅਸਾਈਨਮੈਂਟ ਅਤੇ ਰੀਵਿਊ ਜੁਗਤਾਂ ਪ੍ਰਮੁੱਖ ਅਧਿਆਪਨ ਜੁਗਤਾਂ ਹਨ।

**2.4.12 ਮੁੱਖ ਨੁਕਤੇ: ਅਧਿਆਪਨ ਜੁਗਤਾਂ ਦਾ ਅਰਥ, ਅਸਾਈਨਮੈਟ ਜੁਗਤ, ਪ੍ਰਸ਼ਨ ਪੁੱਛਣਾ, ਸਮੱਸਿਆ ਵਿਧੀ, ਦ੍ਰਿਸ਼ਟਾਂਤ ਜੁਗਤ।**

**2.4.13 ਸਵੈ ਮੁਲਾਂਕਣ ਅਭਿਆਸ (ਸਹੀ/ਗਲਤ)**

1. **ਕਹਾਣੀ ਸਣਾਉਣ ਵੇਲੇ ਅਧਿਆਪਕ ਨੂੰ ਕਹਾਣੀ ਕ੍ਰਮਵਾਰ ਪੇਸ ਕਰਨੀ ਚਾਹੀਦੀ ਹੈ।**
2. **ਪ੍ਰਸ਼ਨ ਪੁੱਛਣ ਨਾਲ ਵਿਦਿਆਰਥੀਆਂ ਨੂੰ ਉਤਸਾਹ ਨਹੀ ਮਿਲਦਾ।**

**ਉਤਰ: 1. ਸਹੀ 2. ਗਲਤ**

## 2.4.14 ਅਭਿਆਸ ਪ੍ਰਸ਼ਨ

(1) ਅਧਿਆਪਨ ਜੁਗਤਾਂ ਤੋਂ ਤੁਹਾਡਾ ਕੀ ਭਾਵ ਹੈ? ਪ੍ਰਮੁੱਖ ਅਧਿਆਪਨ ਜੁਗਤਾਂ ਦਾ ਵਰਣਨ ਕਰੋਂ।

(2) ਸ਼ਪੱਸ਼ਟੀਕਰਨ ਜੁਗਤ ਤੋਂ ਤੁਸੀਂ ਕੀ ਸਮਝਦੇ ਹੋ? ਇਸਦੇ ਲਾਭ ਅਤੇ ਸੀਮਾਵਾਂ ਬਾਰੇ ਵਿਸਥਾਰ ਵਿੱਚ ਲਿਖੋਂ।

(3) ਪ੍ਰਸ਼ਨ-ਪੁੱਛਣ ਜੁਗਤ ਨੂੰ ਤੁਸੀਂ ਕਿਵੇਂ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਗੇ? ਵਿਸਥਾਰ ਵਿੱਚ ਆਪਣੇ ਸੁਝਾਅ ਲਿਖੋਂ।

(4) ਅਸਾਈਨਮੈਂਟ ਜੁਗਤ ਦੀ ਵਰਤੋਂ ਕਿਵੇਂ ਕਰੋਗੇ ਤੇ ਅਸਾਈਨਮੈਂਟ ਅਲਾਟ ਕਰਨ ਸਮੇਂ ਕਿੰਨਾ-ਕਿੰਨਾ ਗੱਲ੍ਹਾਂ ਦਾ ਧਿਆਨ ਰੱਖੋਗੇ?

(5) ਹੇਠ ਲਿਖਿਆਂ ਉਪ-ਵਿਸ਼ਿਆਂ ਉਪਰ ਸੰਖੇਪ ਨੋਟ ਲਿਖੋਂ?

1. ਜੁਗਤ ਦਾ ਅਰਥ
2. ਸਪੱਸ਼ਟੀਕਰਨ ਜੁਗਤ ਦੀ ਸੁਚੱਜੀ ਵਰਤੋਂ।
3. ਜੁਗਤਾਂ ਦੀ ਮਹੱਤਤਾ
4. ਪ੍ਰਸ਼ਨ-ਪੁੱਛਣ ਜੁਗਤ ਦੀਆਂ ਕਿਸਮਾਂ
5. ਦ੍ਰਿਸ਼ਟਾਂਤ ਜੁਗਤ ਦੀਆਂ ਸੀਮਾਵਾਂ

## 2.4.15 ਸੁਝਾਈਆਂ ਗਈਆਂ ਪੁਸਤਕਾਂ


1. ਸ਼ਰਮਾਂ, ਟੀ.ਆਰ (2001) : ਸਿੱਖਿਆ ਤਕਨਲੋਜੀ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
2. ਮੰਗਲ, ਐਸ.ਕੇ. : Techonology of Teaching, ਟੰਡਨ ਪਬਲੀਕੇਸ਼ਨ, ਲੁਧਿਆਣਾ।
3. ਸ਼ਰਮਾਂ, ਆਰ.ਐਨ : Principles and Techniques of Education, Surjeet Publication Delhi.
4. ਸੰਧੂ, ਪੀ.ਕੇ.(2003) : ਸਮਾਜਿਕ ਅਧਿਐਨ ਦਾ ਅਧਿਆਪਨ 21ST ਸੈਨਚੂਰੀ ਪਬਲੀਕੇਸ਼ਨਜ਼, ਪਟਿਆਲਾ।

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.